@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪੜ੍ਹਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Wednesday, 27 August 2025

Punjabi National Daily

Qaumi Patrika NO.1

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 27 ਅਗਸਤ 2025, 12 ਭਾਦੋ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 287, qpatrika@gmail.com ਫੋਨ : 9971359517 www.qaumipatrika.org

ਦਾਜ ਹੱਤਿਆ ਮਾਮਲੇ 'ਚ ਦੋ ਹੋਰ ਗ੍ਰਿਫ਼ਤਾਰੀਆਂ; ਪੁਲਸ ਨੇ ਨਿੱਕੀ ਦੇ ਫਰਾਰ ਜੇਠ ਤੇ ਸਹੁਰੇ ਨੂੰ ਕੀਤਾ ਗ੍ਰਿਫ਼ਤਾਰ

ਕੌਮੀ ਪੜ੍ਹਿਕਾ

ਨੈਸ਼ਨਲ ਡੈਸਕ 26 ਅਗਸਤ। ਉੱਤਰ ਪ੍ਰਦੇਸ਼ ਦੇ ਗ੍ਰੇਟਰ ਨੋਇਡਾ 'ਚ 26 ਸਾਲਾ ਨਿੱਕੀ ਦੇ ਕਥਿਤ ਦਾਜ ਕਤਲ ਦੇ ਮਾਮਲੇ ਵਿੱਚ ਉਸ ਦੇ ਸਹੁਰੇ ਅਤੇ ਭਰਜਾਈ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਮੁਲਜ਼ਮੀਂ ਦੀ ਪਛਾਣ ਸਤਵੀਰ ਭਾਟੀ (55) ਅਤੇ ਰੋਹਿਤ ਭਾਟੀ (28) ਵਜੋਂ ਹੋਈ ਹੈ, ਜਿਨ੍ਹਾਂ ਨੂੰ ਕਸਨਾ ਪੁਲਸ ਨੇ ਇੱਕ ਸੂਹ ਤੇ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਸਿਰਸਾ ਟੋਲ ਕਰਾਸਿੰਗ ਨੇੜੇ ਗ੍ਰਿਫ਼ਤਾਰ ਕੀਤਾ ਸੀ। ਨਿੱਕੀ ਦੇ ਪਤੀ ਵਿਪਿਨ ਭਾਟੀ, ਜੇਠ ਰੋਹਿਤ, ਸੱਸ ਅਤੇ ਸਹੁਰੇ ਨੂੰ ਐਫਆਈਆਰ ਵਿੱਚ ਮੁਲਜ਼ਮਾਂ ਵਜੋਂ ਨਾਮਜ਼ਦ ਕੀਤਾ ਗਿਆ ਹੈ। ਚਾਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਚਾਰਾਂ ਖਿਲਾਫ਼ 22 ਅਗਸਤ ਨੂੰ ਕਸਨਾ ਪੁਲਿਸ ਸਟੇਸ਼ਨ ਵਿੱਚ ਭਾਰਤੀ ਦੰਡਾਵਲੀ ਦੀਆਂ ਧਾਰਾਵਾਂ 103(1) (ਕਤਲ), 115(2) ਅਤੇ 61(2) (ਉਮਰ ਕੈਦ ਜਾਂ ਹੋਰ ਅਪਰਾਧ ਦੀ ਸਜ਼ਾ ਯੋਗ ਅਪਰਾਧ ਕਰਨ ਦੀ ਕੋਸ਼ਿਸ਼) ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਪੁਲਿਸ ਨੇ ਦੱਸਿਆ ਕਿ ਰੋਹਿਤ ਘਟਨਾ ਤੋਂ ਬਾਅਦ ਤੋਂ ਹੀ ਫਰਾਰ ਸੀ। ਇਸ ਘਟਨਾ ਨੂੰ ਲੈ ਕੇ ਪੂਰੇ ਇਲਾਕੇ ਵਿੱਚ ਗੁੱਸਾ ਹੈ। ਨਿੱਕੀ ਨੂੰ ਉਸਦੇ ਪਤੀ ਵਿਪਿਨ ਭਾਟੀ ਅਤੇ ਸਹੁਰਿਆਂ ਨੇ ਵੀਰਵਾਰ ਰਾਤ ਨੂੰ ਗ੍ਰੇਟਰ ਨੋਇਡਾ ਦੇ ਸਿਰਸਾ ਪਿੰਡ ਵਿੱਚ ਉਸਦੇ ਘਰ ਵਿੱਚ ਕਥਿਤ ਤੌਰ 'ਤੇ ਕੁੱਟਿਆ ਅਤੇ ਫਿਰ ਅੱਗ ਲਗਾ ਦਿੱਤੀ। ਨਿੱਕੀ ਅਤੇ ਉਸਦੀ ਵੱਡੀ ਭੈਣ ਕੰਚਨ ਦੋਵਾਂ ਦਾ ਵਿਆਹ ਇੱਕੋ ਪਰਿਵਾਰ ਵਿੱਚ ਹੋਇਆ ਸੀ। ਇਸ ਘਟਨਾ ਦੇ ਸਬੰਧ ਵਿੱਚ ਕੰਚਨ ਦੁਆਰਾ ਬਣਾਏ ਗਏ ਪਰੇਸ਼ਾਨ ਕਰਨ ਵਾਲੇ ਵੀਡੀਓ ਸੋਸ਼ਲ ਮੀਡੀਆ 'ਤੇ ਵਿਆਪਕ ਤੌਰ 'ਤੇ ਪ੍ਰਸਾਰਿਤ ਕੀਤੇ ਗਏ ਸਨ। ਇੱਕ ਵੀਡੀਓ ਕਲਿੱਪ ਵਿੱਚ ਨਿੱਕੀ ਨੂੰ ਵਾਲਾਂ ਤੋਂ ਘਸੀਟਦੇ ਹੋਏ ਦਿਖਾਇਆ ਗਿਆ ਹੈ ਜਦੋਂ ਕਿ ਇੱਕ ਹੋਰ ਵੀਡੀਓ ਕਲਿੱਪ ਵਿੱਚ ਉਹ ਅੱਗ ਦੀਆਂ ਲਪਟਾਂ ਵਿੱਚ ਪੌੜੀਆਂ ਤੋਂ ਹੇਠਾਂ ਉਤਰਦੀ ਅਤੇ ਫਿਰ ਡਿੱਗਦੀ ਦਿਖਾਈ ਦੇ ਰਹੀ ਹੈ। ਵਿਪਿਨ ਭਾਟੀ ਨੂੰ ਸ਼ਨੀਵਾਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਬਾਅਦ ਵਿੱਚ ਐਤਵਾਰ ਨੂੰ ਪੁਲਿਸ ਹਿਰਾਸਤ ਵਿੱਚੋਂ ਭੱਜਣ ਦੀ ਕਥਿਤ ਕੋਸ਼ਿਸ਼ ਦੌਰਾਨ ਲੱਤ ਵਿੱਚ ਗੋਲੀ ਮਾਰ ਦਿੱਤੀ ਗਈ ਸੀ। ਉਸਦੀ ਮਾਂ ਦਯਾ (55) ਨੂੰ ਵੀ ਉਸੇ ਦਿਨ ਗ੍ਰਿਫਤਾਰ ਕੀਤਾ ਗਿਆ ਸੀ। ਪੁਲਸ ਨੇ ਦੱਸਿਆ ਕਿ ਜਦੋਂ ਵਿਪਿਨ ਨੂੰ ਸਬੂਤ ਇਕੱਠੇ ਕਰਨ ਲਈ ਲਿਜਾਇਆ ਜਾ ਰਿਹਾ ਸੀ, ਤਾਂ ਉਸਨੇ ਇੱਕ ਸਬ-ਇੰਸਪੈਕਟਰ ਦੀ ਬੰਦੂਕ ਖੋਹ ਲਈ ਅਤੇ ਅਧਿਕਾਰੀਆਂ 'ਤੇ ਗੋਲੀਬਾਰੀ ਕਰ ਦਿੱਤੀ, ਜਿਸ ਤੋਂ ਬਾਅਦ ਪੁਲਸ ਨੇ ਜਵਾਬੀ ਕਾਰਵਾਈ ਕੀਤੀ। ਇਸ ਘਟਨਾ ਨੂੰ ਲੈ ਕੇ ਲੋਕਾਂ ਵਿੱਚ ਬਹੁਤ ਗੁੱਸਾ ਹੈ। ਨਿੱਕੀ ਦੇ ਪਰਿਵਾਰ ਨੇ ਦੋਸ਼ ਲਗਾਇਆ ਕਿ ਨਿੱਕੀ ਨੂੰ 2016 ਵਿੱਚ ਉਸਦੇ ਵਿਆਹ ਤੋਂ ਬਾਅਦ ਤੋਂ ਹੀ ਤੰਗ ਕੀਤਾ ਜਾ ਰਿਹਾ ਸੀ ਅਤੇ ਉਸਦੇ ਸਹੁਰਿਆਂ ਵੱਲੋਂ ਦਾਜ ਦੀ ਮੰਗ ਵੱਧ ਰਹੀ ਸੀ। ਪਰਿਵਾਰ ਨੇ ਕਿਹਾ ਕਿ ਉਹ ਪਹਿਲਾਂ ਹੀ ਧੀ ਦੇ ਸਹੁਰਿਆਂ ਨੂੰ ਇੱਕ ਸਕਾਰਪੀਓ ਐਸਯੂਵੀ, ਇੱਕ ਮੋਟਰਸਾਈਕਲ ਅਤੇ ਸੋਨੇ ਦੇ ਗਹਿਣੇ ਦੇ ਚੁੱਕੇ ਸਨ, ਪਰ ਬਾਅਦ ਵਿੱਚ ਉਨ੍ਹਾਂ ਨੇ 36 ਲੱਖ ਰੁਪਏ ਨਕਦ ਅਤੇ ਇੱਕ ਲਗਜ਼ਰੀ ਕਾਰ ਦੀ ਮੰਗ ਵੀ ਕਰਨੀ ਸ਼ੁਰੂ ਕਰ ਦਿੱਤੀ। ਨਿੱਕੀ ਦੀ ਵੱਡੀ ਭੈਣ ਕੰਚਨ ਦਾ ਵਿਆਹ ਵਿਪਿਨ ਦੇ ਵੱਡੇ ਭਰਾ ਰੋਹਿਤ ਨਾਲ ਹੋਇਆ ਹੈ ਅਤੇ ਉਹ ਇਸ ਘਟਨਾ ਦੀ ਗਵਾਹ ਹੈ। ਉਸਨੇ ਪੱਤਰਕਾਰਾਂ ਨੂੰ ਦੱਸਿਆ ਕਿ ਨਿੱਕੀ ਨੂੰ ਉਸਦੇ ਪੁੱਤਰ ਦੇ ਸਾਹਮਣੇ ਕੁੱਟਿਆ ਗਿਆ ਸੀ। ਉਸਨੇ ਪੁਲਸ ਨੂੰ ਇਹ ਵੀ ਦੱਸਿਆ ਕਿ ਨਿੱਕੀ 'ਤੇ ਜਲਣਸ਼ੀਲ ਤਰਲ ਪਾ ਕੇ ਕਥਿਤ ਤੌਰ 'ਤੇ ਅੱਗ ਲਗਾ ਦਿੱਤੀ ਗਈ ਸੀ। ਪੁਲਸ ਦੇ ਅਨੁਸਾਰ ਨਿੱਕੀ ਦੀ ਦਿੱਲੀ ਦੇ ਇੱਕ ਹਸਪਤਾਲ ਲਿਜਾਂਦੇ ਸਮੇਂ ਮੌਤ ਹੋ ਗਈ। ਮ੍ਰਿਤਕ ਦੇ ਪਿਤਾ ਭਿਖਾਰੀ ਸਿੰਘ ਨੇ ਕਿਹਾ ਕਿ ਉਸ ਦੀਆਂ ਦੋ ਧੀਆਂ ਕੰਚਨ (29) ਅਤੇ ਨਿੱਕੀ (26) ਦਾ ਵਿਆਹ 2016 ਵਿੱਚ ਕ੍ਰਮਵਾਰ ਰੋਹਿਤ ਭਾਟੀ ਅਤੇ ਵਿਪਿਨ ਭਾਟੀ ਨਾਲ ਹੋਇਆ ਸੀ। ਉਦੋਂ ਤੋਂ, ਉਹ ਦੋਵੇਂ ਧੀਆਂ ਨੂੰ ਤੰਗ-ਪ੍ਰੇਸ਼ਾਨ ਕਰ ਰਹੇ ਹਨ ਅਤੇ ਦਾਜ ਦੀ ਮੰਗ ਕਰ ਰਹੇ ਹਨ, ਉਸਨੇ ਦੋਸ਼ ਲਗਾਇਆ।

ਦੋ-ਦਿਨਾ ਵਾਈਬ੍ਰੈਂਟ ਵਿਲੇਜ਼ਿਜ ਪ੍ਰੋਗਰਾਮ (ਵੀਵੀਪੀ) ਵਰਕਸ਼ਾਪ 'ਚ ਅਮਿਤ ਸ਼ਾਹ ਨੇ ਮੁੱਖ ਮਹਿਮਾਨ ਵਜੋਂ ਕੀਤਾ ਸੰਬੋਧਨ

ਕੌਮੀ ਪੜ੍ਹਿਕਾ
ਨਵਦੀਪ ਸਿੰਘ ਸਾਹਨੀ

ਨਵੀਂ ਦਿੱਲੀ 26 ਅਗਸਤ। ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਨਵੀਂ ਦਿੱਲੀ ਵਿੱਚ ਗ੍ਰਹਿ ਮੰਤਰਾਲੇ (MHA) ਦੇ ਸਰਹੱਦੀ ਪ੍ਰਬੰਧਨ ਵਿਭਾਗ ਦੁਆਰਾ ਆਯੋਜਿਤ ਦੋ-ਦਿਨਾਂ ਵਾਈਬ੍ਰੈਂਟ ਵਿਲੇਜ਼ ਪ੍ਰੋਗਰਾਮ (VVP) ਵਰਕਸ਼ਾਪ ਦੇ ਉਦਘਾਟਨੀ ਸੈਸ਼ਨ ਨੂੰ ਮੁੱਖ ਮਹਿਮਾਨ ਵਜੋਂ ਸੰਬੋਧਨ ਕੀਤਾ। ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ ਨੇ ਇਸ ਮੌਕੇ ਵਾਈਬ੍ਰੈਂਟ ਵਿਲੇਜ਼ ਪ੍ਰੋਗਰਾਮ ਦਾ ਲੋਗੋ ਵੀ ਲਾਂਚ ਕੀਤਾ। ਇਸ ਮੌਕੇ ਕੇਂਦਰੀ ਗ੍ਰਹਿ ਰਾਜ ਮੰਤਰੀ ਬੰਦੀ ਸੰਜੈ ਕੁਮਾਰ, ਗ੍ਰਹਿ ਸਕੱਤਰ, ਇੰਟੈਲੀਜੈਂਸ ਬਿਊਰੋ (92) ਦੇ ਡਾਇਰੈਕਟਰ, ਸਕੱਤਰ ਸੀਮਾ ਪ੍ਰਬੰਧਨ, ਵੀਵੀਪੀ ਦੇ ਪਹਿਲੇ ਅਤੇ ਦੂਜੇ ਪੜਾਅ ਵਿੱਚ ਸ਼ਾਮਲ ਸਰਹੱਦੀ ਰਾਜਾਂ ਦੇ ਮੁੱਖ ਸਕੱਤਰ, ਸਰਹੱਦੀ ਸੁਰੱਖਿਆ ਵਿੱਚ ਤਾਇਨਾਤ ਸੁਰੱਖਿਆ ਬਲਾਂ ਦੇ ਡਾਇਰੈਕਟਰ ਜਨਰਲ ਅਤੇ ਸਬੰਧਿਤ ਜ਼ਿਲ੍ਹਿਆਂ ਦੇ ਜ਼ਿਲ੍ਹਾ ਮੈਜਿਸਟ?ਰੇਟਸ ਸਮੇਤ ਕਈ ਪਤਵੰਤੇ ਮੌਜੂਦ ਸਨ। ਆਪਣੇ ਸੰਬੋਧਨ ਵਿੱਚ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਵਾਈਬ੍ਰੈਂਟ ਵਿਲੇਜ਼ ਪ੍ਰੋਗਰਾਮ ਦਾ ਵਿਚਾਰ ਤਿੰਨ ਨੁਕਤਿਆਂ 'ਤੇ ਅਧਾਰਿਤ ਹੈ, ਜਿਸ ਵਿੱਚ ਸਰਹੱਦੀ ਪਿੰਡਾਂ ਤੋਂ ਪ੍ਰਵਾਸ ਨੂੰ ਰੋਕਣਾ, ਸਰਹੱਦੀ ਪਿੰਡਾਂ ਦੇ ਹਰੇਕ ਨਾਗਰਿਕ ਨੂੰ ਕੇਂਦਰ ਅਤੇ ਰਾਜ ਸਰਕਾਰ ਦੀਆਂ ਯੋਜਨਾਵਾਂ ਦਾ 100 ਫੀਸਦੀ ਲਾਭ ਯਕੀਨੀ ਬਣਾਉਣਾ ਅਤੇ ਵੀਵੀਪੀ ਵਿੱਚ ਚਿੰਨ੍?ਤ ਪਿੰਡਾਂ ਨੂੰ ਸਰਹੱਦ ਅਤੇ ਦੇਸ਼ ਦੀ ਸੁਰੱਖਿਆ ਲਈ ਇੱਕ ਸਾਧਨ ਬਣਾਉਣਾ ਸ਼ਾਮਲ ਹੈ। ਉਨ੍ਹਾਂ ਨੇ ਕਿਹਾ ਕਿ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਾਈਬ੍ਰੈਂਟ ਵਿਲੇਜ਼ ਪ੍ਰੋਗਰਾਮ ਦਾ ਵਿਚਾਰ ਅੱਗੇ ਵਧਾਇਆ, ਤਾਂ ਇਹ ਫੈਸਲਾ ਲਿਆ ਗਿਆ ਕਿ ਇਸ ਨੂੰ ਪੜਾਅਵਾਰ ਢੰਗ ਨਾਲ ਲਾਗੂ ਕੀਤਾ ਜਾਵੇ। ਨਾ ਸਿਰਫ਼ ਹਰ ਸਰਹੱਦੀ ਪਿੰਡ ਨੂੰ ਸਾਰੀਆਂ ਸਹੂਲਤਾਂ ਨਾਲ ਲੈਸ ਕੀਤਾ ਜਾਵੇਗਾ, ਸਗੋਂ ਸਰਹੱਦੀ ਪਿੰਡਾਂ ਵਿੱਚ ਰਹਿਣ ਵਾਲੇ ਹਰ ਨਾਗਰਿਕ ਨੂੰ ਆਪਣੇ ਨਿੱਜੀ ਜੀਵਨ ਨੂੰ ਬਿਹਤਰ ਬਣਾਉਣ ਲਈ ਭਾਰਤ ਸਰਕਾਰ ਅਤੇ ਰਾਜ ਸਰਕਾਰ ਦੀਆਂ ਸਾਰੀਆਂ ਯੋਜਨਾਵਾਂ ਨਾਲ ਲੈਸ ਕੀਤਾ ਜਾਵੇਗਾ। ਨਾਲ ਹੀ, ਇਨ੍ਹਾਂ ਪਿੰਡਾਂ ਨੂੰ ਦੇਸ਼ ਅਤੇ ਸਰਹੱਦ ਦੀ ਸੁਰੱਖਿਆ ਲਈ ਇੱਕ ਮਜ਼ਬੂਤ ਸਾਧਨ ਵਜੋਂ ਵਿਕਸਿਤ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਦੇ ਪਹਿਲੇ ਪਿੰਡ ਵਜੋਂ ਨਾਮਜ਼ਦ ਕਰਕੇ ਸਰਹੱਦੀ ਪਿੰਡਾਂ ਨੂੰ ਦੇਖਣ ਦੇ ਸਾਡੇ ਦ੍ਰਿਸ਼ਟੀਕੋਣ ਨੂੰ ਬਦਲ ਦਿੱਤਾ ਹੈ। ਅਮਿਤ ਸ਼ਾਹ ਨੇ ਕਿਹਾ ਕਿ ਵਾਈਬ੍ਰੈਂਟ ਵਿਲੇਜ਼ਿਜ ਪ੍ਰੋਗਰਾਮ ਲਈ ਚਿੰਨ੍?ਤ ਕੀਤੇ ਗਏ ਦੇਸ਼ ਦੇ ਪਹਿਲੇ ਪਿੰਡ ਕੁਝ ਵਰ੍?ਆਂ ਬਾਅਦ ਸਾਡੇ ਦੇਸ਼ ਅਤੇ ਇਸ ਦੀਆਂ ਸਰਹੱਦਾਂ ਦੀ ਰਾਖੀ ਲਈ ਬਹੁਤ ਮਹੱਤਵਪੂਰਨ ਸਾਧਨ ਸਾਬਤ ਹੋਣਗੇ। ਉਨ੍ਹਾਂ ਨੇ ਕਿਹਾ ਕਿ ਇਸ ਪ੍ਰੋਗਰਾਮ ਰਾਹੀਂ, ਬਹੁ-ਆਯਾਮੀ ਅਤੇ ਬਹੁ-ਖੇਤਰੀ

ਵਿਕਾਸ ਦੇ ਦ੍ਰਿਸ਼ਟੀਕੋਣ ਨਾਲ, ਬੁਨਿਆਦੀ ਢਾਂਚੇ ਨੂੰ ਉਤਸ਼ਾਹਿਤ ਕਰਨ, ਸੱਭਿਆਚਾਰ ਦਾ ਪ੍ਰਸਾਰ ਅਤੇ ਪ੍ਰਚਾਰ ਕਰਨ, ਸੈਰ-ਸਪਾਟੇ ਰਾਹੀਂ ਰੋਜ਼ਗਾਰ ਪੈਦਾ ਕਰਨ ਅਤੇ ਪਿੰਡਾਂ ਦੇ ਜੀਵਨ ਨੂੰ ਹਰ ਤਰ੍ਹਾਂ ਨਾਲ ਜੀਵੰਤ ਬਣਾਉਣ ਦੇ ਯਤਨ ਕੀਤੇ ਗਏ ਹਨ। ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਨੇ ਕਿਹਾ ਕਿ ਇਹ ਰਾਜ ਸਰਕਾਰਾਂ ਦੇ ਮੁੱਖ ਸਕੱਤਰਾਂ, ਵੀਵੀਪੀ ਵਿੱਚ ਸ਼ਾਮਲ ਪਿੰਡਾਂ ਦੇ ਜ਼ਿਲ੍ਹਾ ਕਲੈਕਟਰਾਂ ਅਤੇ ਸਾਰੇ ਕੇਂਦਰੀ ਹਥਿਆਰਬੰਦ ਪੁਲਸ ਬਲਾਂ (ਸੀਏਪੀਐਫ) ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਆਪ ਨੂੰ ਵੀਵੀਪੀ ਤੱਕ ਸੀਮਤ ਨਾ ਰੱਖਣ ਅਤੇ ਇਸ ਪ੍ਰੋਗਰਾਮ ਦੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਵਾਈਬ੍ਰੈਂਟ ਵਿਲੇਜ਼ਿਜ ਪ੍ਰੋਗਰਾਮ ਤੋਂ ਇਲਾਵਾ ਹੋਰ ਕਿਹੜੇ ਕਦਮ ਚੁੱਕੇ ਜਾ ਸਕਦੇ ਹਨ, ਇਸ 'ਤੇ ਵਿਚਾਰ ਕਰਨ। ਉਨ੍ਹਾਂ ਨੇ ਕਿਹਾ ਕਿ ਵੀਵੀਪੀ ਦੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ, ਇਹ ਜ਼ਰੂਰੀ ਹੈ ਕਿ ਭਾਰਤ ਸਰਕਾਰ ਦੇ ਸਾਰੇ ਵਿਭਾਗ ਅਤੇ ਰਾਜ ਸਰਕਾਰਾਂ ਮਿਲ ਕੇ ਇਨ੍ਹਾਂ ਸਰਹੱਦੀ ਪਿੰਡਾਂ ਨੂੰ ਸਹੀ ਅਰਥਾਂ ਵਿੱਚ ਸੁਰੱਖਿਆ ਦਾ ਇੱਕ ਮਹੱਤਵਪੂਰਨ ਸਾਧਨ ਬਣਾਉਣ। ਅਮਿਤ ਸ਼ਾਹ ਨੇ ਕਿਹਾ ਕਿ ਵਾਈਬ੍ਰੈਂਟ ਵਿਲੇਜ਼ਿਜ ਪ੍ਰੋਗਰਾਮ ਦੀ ਧਾਰਨਾ ਨੂੰ ਸਾਕਾਰ ਕਰਨ ਲਈ, ਸਰਕਾਰੀ ਯੋਜਨਾਵਾਂ ਦੀ 100 ਫੀਸਦੀ ਸੈਚੁਰੇਸ਼ਨ, ਟੂਰਿਜ਼ਮ ਲਈ ਲੋੜੀਂਦੀਆਂ ਜਨਤਕ ਸਹੂਲਤਾਂ ਨੂੰ ਉਤਸ਼ਾਹਿਤ ਕਰਨ ਅਤੇ ਸਹਿਕਾਰੀ ਸੰਸਥਾਵਾਂ ਨੂੰ ਉਤਸ਼ਾਹਿਤ ਕਰਕੇ ਰੋਜ਼ਗਾਰ ਪੈਦਾ ਕਰਨ ਵਰਗੇ ਕਦਮ ਚੁੱਕਣ ਦੀ ਜ਼ਰੂਰਤ ਹੈ।

ਮੁੱਖ ਮੰਤਰੀ ਰੇਖਾ ਗੁਪਤਾ ਦੀ ਅਗਵਾਈ ਹੇਠ ਦਿੱਲੀ ਸੁਰੱਖਿਅਤ ਹੱਥਾਂ ਵਿੱਚ ਹੈ: ਵੀਕੇ ਸਕਸੈਨਾ

ਕੌਮੀ ਪੜ੍ਹਿਕਾ
ਸਿੰਮੀ ਕੌਰ ਬੱਬਰ

ਨਵੀਂ ਦਿੱਲੀ, 26 ਅਗਸਤ: ਦਿੱਲੀ ਦੇ ਉਪ ਰਾਜਪਾਲ ਵੀ.ਕੇ. ਸਕਸੈਨਾ ਅਤੇ ਮੁੱਖ ਮੰਤਰੀ ਰੇਖਾ ਗੁਪਤਾ ਨੇ ਕੱਲ੍ਹ ਲੋਧੀ ਅਸਟੇਟ ਦੇ ਸਰਦਾਰ ਪਟੇਲ ਵਿਦਿਆਲਿਆ ਵਿਖੇ ਗ੍ਰੀਨ ਟ?ਰਾਂਸਪੋਰਟ ਪਹਿਲਕਦਮੀਆਂ ਨੂੰ ਉਤਸ਼ਾਹਿਤ ਕਰਨ ਲਈ 24 ਤੋਂ ਵੱਧ ਇਲੈਕਟ੍ਰਿਕ ਬੱਸਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ 'ਤੇ, ਉਪ ਰਾਜਪਾਲ ਸ਼੍ਰੀ ਵੀ.ਕੇ. ਸਕਸੈਨਾ ਨੇ ਕਿਹਾ ਕਿ ਦਿੱਲੀ ਅੱਜ ਸੁਰੱਖਿਅਤ ਹੱਥਾਂ ਵਿੱਚ ਹੈ। ਮੁੱਖ ਮੰਤਰੀ ਰੇਖਾ ਗੁਪਤਾ ਨੇ ਸਿਰਫ਼ ਛੇ ਮਹੀਨਿਆਂ ਵਿੱਚ ਦਿੱਲੀ ਦੀ ਹਵਾ ਨੂੰ ਬਦਲਣ ਲਈ ਜੋ ਕੰਮ ਸ਼ੁਰੂ ਕੀਤਾ ਹੈ, ਉਹ ਸ਼ਲਾਘਾਯੋਗ ਹੈ। ਮੁੱਖ ਮੰਤਰੀ ਸ਼੍ਰੀਮਤੀ ਰੇਖਾ ਗੁਪਤਾ ਨੇ ਇਹ ਵੀ ਕਿਹਾ ਕਿ ਕੁਦਰਤ ਨਾਲ ਜੁੜਨਾ ਹੀ ਤਰੱਕੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਦਿੱਲੀ ਸਰਕਾਰ ਪ੍ਰਦੂਸ਼ਣ ਘਟਾਉਣ ਅਤੇ ਗ੍ਰੀਨ ਟ?ਰਾਂਸਪੋਰਟ ਨੂੰ ਉਤਸ਼ਾਹਿਤ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ। ਇਲੈਕਟ੍ਰਿਕ ਬੱਸਾਂ ਦੀ ਸ਼ੁਰੂਆਤ ਸਿਰਫ਼ ਇੱਕ ਤਕਨੀਕੀ ਤਬਦੀਲੀ ਨਹੀਂ ਹੈ, ਸਗੋਂ ਵਾਤਾਵਰਣ ਸੁਰੱਖਿਆ ਵੱਲ ਇੱਕ ਠੋਸ ਕਦਮ ਹੈ। ਸਕੂਲਾਂ ਨੂੰ ਈ.ਵੀ. ਬੱਸਾਂ ਪ੍ਰਦਾਨ ਕਰਨਾ ਪ੍ਰਦੂਸ਼ਣ ਵਿਰੁੱਧ ਸਰਕਾਰ ਦੀ ਇੱਕ ਪ੍ਰਭਾਵਸ਼ਾਲੀ ਪਹਿਲ ਹੈ। ਇਸਦਾ ਉਦੇਸ਼ ਸਕੂਲੀ ਬੱਚੇ ਪ੍ਰਦੂਸ਼ਣ ਮੁਕਤ ਬੱਸਾਂ ਵਿੱਚ ਯਾਤਰਾ ਕਰਨ ਅਤੇ ਮਾਨਸਿਕ ਅਤੇ ਸਰੀਰਕ ਤੌਰ 'ਤੇ ਸਿਹਤਮੰਦ ਰਹਿਣ। ਇਸ ਮੌਕੇ 'ਤੇ ਉਪ ਰਾਜਪਾਲ ਸ਼੍ਰੀ ਵੀ.ਕੇ. ਸਕਸੈਨਾ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਆਉਣ ਵਾਲੇ ਦੋ ਤੋਂ ਤਿੰਨ ਸਾਲਾਂ ਵਿੱਚ ਦਿੱਲੀ ਵਿੱਚ ਅਜਿਹੇ ਸ਼ਾਨਦਾਰ ਬਦਲਾਅ ਦੇਖਣ ਨੂੰ ਮਿਲਣਗੇ, ਜਿਨ੍ਹਾਂ ਦੀ ਲੰਬੇ ਸਮੇਂ ਤੋਂ ਉਡੀਕ ਕੀਤੀ ਜਾ ਰਹੀ ਸੀ। ਸਕੂਲ ਦੇ ਅਹਾਤੇ ਵਿੱਚ ਵਿਦਿਆਰਥੀਆਂ ਦੁਆਰਾ ਪੇਸ਼ ਕੀਤੇ ਗਏ ਪ੍ਰੋਗਰਾਮ ਦੀ ਸ਼ਲਾਘਾ ਕਰਦੇ ਹੋਏ, ਉਪ ਰਾਜਪਾਲ ਨੇ ਕਿਹਾ ਕਿ ਅੱਜ ਵਾਤਾਵਰਣ ਸੁਰੱਖਿਆ ਲਈ ਸ਼ੁਰੂ ਕੀਤੀਆਂ ਗਈਆਂ ਇਲੈਕਟ੍ਰਿਕ ਬੱਸਾਂ ਰਾਹੀਂ ਰੋਜ਼ਾਨਾ ਲਗਭਗ 1200

ਵਿਦਿਆਰਥੀ ਯਾਤਰਾ ਕਰਨਗੇ, ਜਿਸ ਨਾਲ ਸੜਕਾਂ 'ਤੇ 400-500 ਨਿੱਜੀ ਵਾਹਨਾਂ ਦਾ ਬੋਝ ਘੱਟ ਹੋਵੇਗਾ। ਇਸ ਨਾਲ ਨਾ ਸਿਰਫ਼ ਪ੍ਰਦੂਸ਼ਣ ਘੱਟ ਹੋਵੇਗਾ, ਸਗੋਂ ਆਵਾਜਾਈ ਪ੍ਰਣਾਲੀ ਵੀ ਸੁਚਾਰੂ ਹੋਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਸਾਰੇ ਸਕੂਲ ਅਤੇ ਕਾਲਜ ਅਜਿਹੀਆਂ ਪਹਿਲਕਦਮੀਆਂ ਕਰਦੇ ਹਨ, ਤਾਂ ਪ੍ਰਦੂਸ਼ਣ ਦੀ ਸਮੱਸਿਆ ਨੂੰ ਕਾਫ਼ੀ ਹੱਦ ਤੱਕ ਹੱਲ ਕੀਤਾ ਜਾ ਸਕਦਾ ਹੈ। ਮੁੱਖ ਮੰਤਰੀ ਰੇਖਾ ਗੁਪਤਾ ਨੇ ਇਸ ਮੌਕੇ ਕਿਹਾ ਕਿ ਇਹ ਪਹਿਲ ਨਾ ਸਿਰਫ਼ ਵਿਦਿਆਰਥੀਆਂ ਦੀ ਸੁਰੱਖਿਅਤ ਆਵਾਜਾਈ ਨੂੰ ਯਕੀਨੀ ਬਣਾਏਗੀ, ਸਗੋਂ ਦਿੱਲੀ ਦੀ ਹਵਾ ਦੀ ਗੁਣਵੱਤਾ ਨੂੰ ਬਿਹਤਰ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਵੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪ੍ਰਦੂਸ਼ਣ ਘਟਾਉਣਾ ਦਿੱਲੀ ਸਰਕਾਰ ਦੀ

ਆਪਣੇ ਗੁਰੂ ਹਰਭਗਵਾਨ ਸੇਵਕ ਸ਼ਾਸਤਰੀ ਦੀਆਂ ਰਚਨਾਵਾਂ ਨੂੰ ਪ੍ਰਕਾਸ਼ਿਤ ਕਰਕੇ ਸਾਬਕਾ ਵਿਦਿਆਰਥੀਆਂ ਨੇ ਦਿੱਤੀ ਅਨੋਖੀ ਸ਼ਰਧਾਂਜਲੀ

ਕੌਮੀ ਪਤ੍ਰਿਕਾ

ਗੁਰਦਾਸਪੁਰ 22ਅਗਸਤ: ਮਾਲਵੇ ਦੇ ਪ੍ਰਸਿੱਧ ਇਤਿਹਾਸਕ ਪਿੰਡ ਮਾਈਸਰਖਾਨਾ ਵਿਖੇ ਸੰਸਕ੍ਰਿਤ ਵਿਦਿਆਲਯ ਦੇ 50 ਸਾਲ ਪਹਿਲਾਂ ਦੇ ਸਾਬਕਾ ਵਿਦਿਆਰਥੀਆਂ ਨੇ ਪ੍ਰਾਚੀਨ ਦੁਰਗਾ ਮੰਦਿਰ ਵਿਖੇ ਆਪਣੇ ਗੁਰੂ ਹਰਭਗਵਾਨ ਸੇਵਕ ਸ਼ਾਸਤਰੀ ਮਾਈਸਰਖਾਨਾ ਦੀਆਂ ਕਿੱਸਾ ਕਾਵਿ ਦੀਆਂ ਰਚਨਾਵਾਂ ਨੂੰ ਪੁਸਤਕ ਰੂਪ ਦੇ ਕੇ ਉਸ ਨੂੰ ਅੱਜ ਲੋਕ ਅਰਪਣ ਕੀਤਾ। ਇਹਨਾਂ ਰਚਨਾਵਾਂ ਵਿਚ ਕਿੱਸਾ ਕਾਵਿ ਨਾਲ ਸਬੰਧਤ ਮੋਰਧੁੱਜ, ਸਿਬੀ ਪ੍ਰਸੰਗ ਸੁਦਾਮਾ ਭਗਤ,ਸ਼ਕੁੰਤਲਾ ਅਤੇ ਦੁਸ਼ਿਅੰਤ, ਸਤੀ ਪ੍ਰਸੰਗ, ਧਰੂਵ ਭਗਤ ਅਤੇ ਫੁਟਕਰ ਛੰਦ ਅਤੇ ਸ਼ੇਅਰਾਂ ਨੂੰ ਸੇਵਕ ਰਚਨਾਵਲੀ ਦਾ ਰੂਪ ਦਿੱਤਾ ਗਿਆ ਹੈ।?ਇਹਨਾ ਰਚਨਾਵਾਂ ਨੂੰ ਪ੍ਰਕਾਸ਼ਿਤ ਕਰਨ ਵਿੱਚ ਜਿੱਥੇ ਸਾਬਕਾ ਵਿਦਿਆਰਥੀਆਂ ਨੇ ਆਰਥਿਕ ਸਹਾਇਤਾ ਕੀਤੀ ਉਥੇ ਇਹਨਾਂ ਰਚਨਾਵਾਂ ਨੂੰ ਪੁਸਤਕ ਰੂਪ ਵਿੱਚ ਸੰਪਾਦਨ ਕਰਨ ਦਾ ਉਪਰਾਲਾ ਵੇਦ ਪ੍ਰਕਾਸ਼ ਸ਼ਾਸਤਰੀ ਡਬਵਾਲੀ, ਅਮਰਜੀਤ ਸ਼ਾਸਤਰੀ ਅਤੇ ਗੁਰੂ ਜੀ ਦੇ ਬੇਟੇ ਰਘੁਬੀਰ ਸ਼ਰਮਾ ਨੇ ਕੀਤਾ। ਇਸ ਮੌਕੇ ਗੁਰੂ ਜੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਪੁਸਤਕ ਸੰਪਾਦਕ ਵੇਦ ਪ੍ਰਕਾਸ਼ ਸ਼ਾਸਤਰੀ ਨੇ ਇਹਨਾਂ ਰਚਨਾਵਾਂ ਨੂੰ ਪ੍ਰਕਾਸ਼ਿਤ ਕਰਨ ਲਈ ਕੀਤੀਆਂ ਕੋਸ਼ਿਸ਼ਾਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਗੁਰੂ ਜੀ ਦੀਆਂ ਬਹੁਤ ਸਾਰੀਆਂ ਰਚਨਾਵਾਂ ਲਿਖਤ ਰੂਪ ਵਿਚ ਉਪਲਭਦ ਨਹੀਂ ਸਨ। ਗੁਰੂ ਜੀ ਦੇ ਅਣਪੜ੍ਹ ਛੋਟੇ ਭਰਾ ਕਵੀਸ਼ਰ ਕੇਸ਼ੋ ਰਾਮ ਤੋਂ ਕੁੱਝ ਰਚਨਾਵਾਂ 1976-77 ਵਿੱਚ ਦਿਨ ਰਾਤ ਸੁੱਣਕੇ ਲਿਖ਼ਤ ਰੂਪ ਲਿਆਂਦੀਆਂ। ਜਿਹਨਾਂ ਨੂੰ ਉਸ ਸਮੇਂ ਪਾਠਸ਼ਾਲਾ ਵਿਚ ਪੜ੍ਹਦੇ ਵਿਦਿਆਰਥੀਆਂ ਗਿਆਨ ਚੰਦ, ਸ਼ਿਆਮ ਲਾਲ ਅਤੇ ਰਮੇਸ਼ ਰਤੀਆ ਨੇ ਕਵੀਸ਼ਰੀ ਜਥਾ ਬਣਾ ਕੇ ਪਿੰਡਾਂ ਦੀਆਂ ਸੱਥਾਂ ਤੱਕ ਲਿਜਾਣ ਦੀ ਕੋਸ਼ਿਸ਼ ਕੀਤੀ। ਪੁਸਤਕ ਦੇ ਸਹਿ ਸੰਪਾਦਕ ਅਮਰਜੀਤ ਸ਼ਾਸਤਰੀ ਨੇ ਗੁਰੂ ਜੀ ਦੇ ਸੰਘਰਸ਼ਮਈ ਜੀਵਨ ਤੇ ਝਾਤੀ ਪਾਉਂਦਿਆਂ ਕਿਹਾ ਕਿ ਗੁਰੂ ਜੀ ਨੂੰ ਚਾਰ ਸਾਲ ਦੀ ਉਮਰ ਵਿਚ ਮਾਤਾ ਜੀ, ਦਾਦੀ ਦਾਦਾ ਜੀ, ਚਾਚਾ ਅਤੇ ਹੋਰ ਪਰਿਵਾਰਕ ਮੈਂਬਰਾਂ ਦੀ ਪਲੇਗ ਜੈਸੀ ਭਿਆਨਕ ਬਿਮਾਰੀ ਨਾਲ ਮੌਤ ਹੋ ਜਾਣ ਤੇ ਘਰ ਬਾਰ ਛੱਡ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਜਾਣਾ ਪਿਆ। ਉਥੇ ਸ਼ਾਸਤਰੀ ਦੀ ਪੜ੍ਹਾਈ ਕਰਕੇ 1947 ਦੀ ਵੰਡ ਕਾਰਨ ਪਿੰਡ ਮਾਈਸਰਖਾਨਾ ਆ ਕੇ ਰੋਜ਼ੀ ਰੋਟੀ ਕਮਾਉਣ ਲਈ ਕਦੇ ਹੱਟੀ, ਖੇਤੀ ਅਤੇ ਵੈਦਗੀ ਦਾ ਕਿੱਤਾ ਕਰਦੇ ਹੋਏ ਸ੍ਰੀ ਕਿਸ਼ੋਰ ਚੰਦ ਨੂੰ ਅਪਣਾ ਕਾਵਿ ਗੁਰੂ ਧਾਰਕੇ 15 ਦੇ ਲੱਗ ਭੱਗ ਕਿਸਿਆਂ ਦੀ ਰਚਨਾ ਕੀਤੀ ਹੈ। 1971 ਵਿੱਚ ਮਾਈਸਰਖਾਨਾ ਸੰਸਕ੍ਰਿਤ ਕਾਲਜ ਦੇ ਪ੍ਰਿੰਸੀਪਲ ਦੇ ਤੌਰ ਤੇ ਪ੍ਰਭਾਕਰ, ਸ਼ਾਸਤਰੀ ਦੀ ਜ਼ਿੰਦਗੀ ਦੇ ਆਖਰੀ ਸਮੇਂ ਤੱਕ ਕਰਵਾਉਂਦੇ ਰਹੇ।ਉਹਨਾਂ ਦੇ ਯਤਨਾਂ ਸਦਕਾ ਅੱਜ ਸੈਂਕੜੇ ਗਰੀਬ ਘਰਾਂ ਦੇ ਬੱਚਿਆਂ ਨੇ ਵਿਦਿਆ ਹਾਸਲ ਕਰਕੇ ਸਮਾਜ ਦੇ ਵੱਖ ਵੱਖ ਖੇਤਰਾਂ ਵਿੱਚ ਸੇਵਾਵਾਂ ਦੇ ਕੇ ਨਿਰੋਆ ਸਮਾਜ ਸਿਰਜਣ ਵਿਚ ਸਹਿਯੋਗ ਦਿੱਤਾ ਹੈ। ਗੁਰੂ ਹਰਭਗਵਾਨ ਸੇਵਕ ਸ਼ਾਸਤਰੀ ਜੀ ਭਾਵੇਂ ਸਰੀਰਕ ਤੌਰ ਤੇ ਸਾਡੇ ਕੋਲੋਂ 1991 ਵਿੱਚ ਚਲੇ ਗਏ ਹਨ ਪਰ ਉਨ੍ਹਾਂ ਦੀਆਂ ਰਚਨਾਵਾਂ ਸਾਡੇ ਚੇਤਿਆਂ ਦੀ ਚੰਗੇਰ ਵਿਚ ਹਮੇਸ਼ਾ ਅਮਰ ਰਹਿਣਗੀਆਂ। ਭਵਿੱਖ ਦੇ ਕਾਰਜ਼ ਪ੍ਰੋਜੈਕਟ ਵਿਚ ਇਹਨਾਂ ਰਚਨਾਵਾਂ ਨੂੰ ਕਵਿਸ਼ਰੀ ਦੇ ਰੂਪ ਵਿੱਚ ਗਾਇਨ ਸ਼ੈਲੀ ਰਾਹੀਂ ਘਰ ਘਰ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਉਹਨਾਂ ਦੀਆਂ ਬਾਕੀ ਰਚਨਾਵਾਂ ਨੂੰ ਪ੍ਰਕਾਸ਼ਿਤ ਕਰਕੇ ਪਾਠਕਾਂ ਦੇ ਸਨਮੁੱਖ ਕੀਤਾ ਜਾਵੇਗਾ।ਸਰਕਾਰੀ ਸੰਸਕ੍ਰਿਤ ਵਿਦਿਆਲਯ ਪਟਿਆਲਾ ਦੇ ਸਾਬਕਾ ਪ੍ਰੋਫੈਸਰ ਗੁਰਦਾਸ ਸਿੰਘ ਨੇ ਹਰਭਗਵਾਨ ਸੇਵਕ ਸ਼ਾਸਤਰੀ ਜੀ ਨਾਲ ਬਿਤਾਏ ਪਲ ਸਾਂਝੇ ਕਰਦਿਆਂ ਕਿਹਾ ਕਿ ਇਹੋ ਜਿਹੇ ਅਧਿਆਪਕ ਧਰਤੀ ਤੇ ਕਦੇ ਕਦੇ ਜਨਮ ਲੈਂਦੇ ਹਨ ਜਿਨ੍ਹਾਂ ਲਈ ਵਿਦਿਆਰਥੀ ਪਰਿਵਾਰ ਨਾਲੋਂ ਉਪਰ ਹੁੰਦੇ ਹਨ। ਕਾਵਿ ਸ਼ੈਲੀ ਦੇ ਮਾਹਿਰ ਹੋਣ ਦੇ ਨਾਲ ਨਾਲ ਉਹਨਾਂ ਦੀ ਸੰਸਕ੍ਰਿਤ ਸਾਹਿਤ ਦੀਆਂ ਅਲੱਗ ਅਲੱਗ ਵੰਨਗੀਆਂ ਉਪਰ ਮਜਬੂਰ ਪਕੜ ਸੀ। ਇਸ ਮੌਕੇ ਗਿਆਨ ਚੰਦ ਸ਼ਾਸਤਰੀ, ਰਾਮਫਲ ਸ਼ਾਸਤਰੀ, ਰਮੇਸ਼ ਕੁਮਾਰ ਸ਼ਾਸਤਰੀ ਮੁਦਕੀ , ਭਜਨ ਲਾਲ ਲਹਿਰਾ ਗਾਗਾ, ਪੁਰਸ਼ੋਤਮ ਸ਼ਾਸਤਰੀ ਭੁਟਾਲ ਕਲਾਂ, ਪਰਮਜੀਤ ਸ਼ਰਮਾ ਭੀਖੀ, ਸੱਤਪਾਲ ਸ਼ਾਸਤਰੀ ਸੰਗਰੂਰ, ਭੋਲਾ ਰਾਮ ਬੁਰਜ਼ ਢਿਲਵਾਂ, ਪ੍ਰਗਟ ਰਾਮ, ਗੁਰਮੇਲ ਨੇ ਗੁਰੂ ਜੀ ਦੀ ਅਮੁੱਲੀ ਸ਼ਖਸਿਅਤ ਤੇ ਚਾਨਣਾ ਪਾਇਆ। ਇਸ ਮੌਕੇ ਰਾਮ ਪਾਲ ਛਾਜਲੀ,ਬਰੁਣ ਕੁਮਾਰ ਲਹਿਰਾ , ਰਾਜਵੀਰ ਸ਼ਾਸਤਰੀ ਪੁਜਾਰੀ ਦੁਰਗਾ ਮੰਦਰ ਮਾਈਸਰਖਾਨਾ, ਦੇਸਰਾਜ ਗਰਗ ਮਾਈਸਰਖਾਨਾ, ਓਮਕਾਰ ਮਾਈਸਰਖਾਨਾ,ਬਲਵੀਰ ਸਿੰਘ, ਮਿੱਠੂ ਸਿੰਘ, ਦਰਸ਼ਨ ਸਿੰਘ, ਭਗਤ ਕਰਤਾਰ ਸਿੰਘ ਨੇ ਵਿਦਿਆਰਥੀਆਂ ਨਾਲ 45 ਸਾਲ ਪੁਰਾਣੀਆਂ ਯਾਦਾਂ ਸਾਂਝੀਆਂ ਕੀਤੀਆਂ।ਗੁਰੂ ਜੀ ਦੀਆਂ ਬਾਕੀ ਰਚਨਾਵਾਂ ਨੂੰ ਪ੍ਰਕਾਸ਼ਿਤ ਕਰਨ ਲਈ ਮੁਢਲੇ ਵਿਦਿਆਰਥੀ ਸੱਤਪਾਲ ਸ਼ਾਸਤਰੀ ਨੇ ਪੰਜਾਹ ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ। ਅਤੇ ਬਾਕੀ ਵਿਦਿਆਰਥੀਆਂ ਨੇ ਵੀ ਪਹਿਲਾਂ ਦੀ ਤਰ੍ਹਾਂ ਆਰਥਿਕ ਸਹਾਇਤਾ ਦੇਣ ਦਾ ਅਹਿਦ ਕੀਤਾ। ਗੁਰੂ ਜੀ ਦੇ ਬੇਟੇ ਰਘੁਬੀਰ ਸ਼ਰਮਾ ਨੇ ਦੂਰੋਂ ਦੂਰੋਂ ਆਏ ਗੁਰੂ ਜੀ ਨਾਲ ਪ੍ਰੇਮ ਰੱਖਣ ਵਾਲੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।

ਸਪਾ ਸੈਂਟਰ ਦੀ ਆੜ 'ਚ ਗਲਤ ਕੰਮ ਕਰਨ ਵਾਲੀ ਔਰਤ ਦਾ ਪਰਦਾਫਾਸ਼

ਅੰਮ੍ਰਿਤਸਰ 26 ਅਗਸਤ। ਪੁਲਸ ਨੇ ਸਪਾ ਸੈਂਟਰ ਦੀ ਆੜ 'ਚ ਗਲਤ ਕਾਰੋਬਾਰ ਕਰਨ ਵਾਲੀ ਇਕ ਔਰਤ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਏ ਡਵੀਜ਼ਨ ਦੇ ਇੰਚਾਰਜ ਇੰਸਪੈਕਟਰ ਅਮਨਦੀਪ ਕੌਰ ਨੇ ਦੱਸਿਆ ਕਿ ਗੁਪਤ ਸੂਚਨਾ ਮਿਲੀ ਸੀ ਕਿ ਮੁਲਜ਼ਮ ਔਰਤ ਦਾ ਸੈਲੀਬ੍ਰੇਸ਼ਨ ਮਾਲ ਬਟਾਲਾ ਰੋਡ ਅੰਮ੍ਰਿਤਸਰ ਨੇੜੇ ਇਕ ਰੇਡੀਔਂਟ ਗਲੋਂ ਸਪਾ ਸੈਂਟਰ ਹੈ। ਇਸ ਸਪਾ ਸੈਂਟਰ ਦੀ ਆੜ 'ਚ ਉਕਤ ਔਰਤ ਭੋਲੀ-ਭਾਲੀਆ ਕੁੜੀਆਂ ਨੂੰ ਆਪਣੇ ਜਾਲ ਵਿਚ ਫਸਾ ਲੈਂਦੀ ਹੈ ਅਤੇ ਉਨ੍ਹਾਂ ਨੂੰ ਜਿਸਮਫਿਰੋਸ਼ੀ ਧੰਦੇ ਲਈ ਮਜ਼ਬੂਰ ਕਰਦੀ ਹੈ। ਇਸ ਸਬੰਧੀ ਪੁਲਸ ਨੇ ਯੋਜਨਾਬੱਧ ਛਾਪਾ ਮਾਰਿਆ ਅਤੇ ਉਕਤ ਔਰਤ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਸਬੰਧੀ ਥਾਣਾ ਏ ਡਵੀਜ਼ਨ ਅੰਮ੍ਰਿਤਸਰ 'ਚ ਕੇਸ ਦਰਜ ਕੀਤਾ ਗਿਆ ਹੈ।

ਸਕੂਲੀ ਵਿਦਿਆਰਥੀਆਂ ਨੂੰ ਪੁਲਸ ਦੀ ਕਾਰਜਪ੍ਰਣਾਲੀ ਬਾਰੇ ਕਰਵਾਇਆ ਗਿਆ ਜਾਣੂ

ਕੌਮੀ ਪਤ੍ਰਿਕਾ

ਜਲੰਧਰ 26 ਅਗਸਤ। ਸਕੂਲੀ ਵਿਦਿਆਰਥੀਆਂ ਨੂੰ ਪੁਲਸ ਦੀ ਕਾਰਜਪ੍ਰਣਾਲੀ ਅਤੇ ਕਾਨੂੰਨ ਸੰਬੰਧੀ ਜਾਣਕਾਰੀ ਦੇਣ ਲਈ ਕਮਿਸ਼ਨਰੇਟ ਪੁਲਸ ਜਲੰਧਰ ਵੱਲੋਂ ਦਫ਼ਤਰ ਪੁਲਸ ਕਮਿਸ਼ਨਰ ਵਿਖੇ ਅੱਜ ਇੱਕ ਵਿਸ਼ੇਸ਼ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਦੀ ਅਗਵਾਈ ਏ.ਸੀ.ਪੀ. ਹੈੱਡਕੁਆਟਰ ਮਨਮੋਹਨ ਸਿੰਘ ਅਤੇ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਵਲੋਂ ਕੀਤੀ ਗਈ, ਜਿਸ ਵਿਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥਿਆਂ ਨੇ ਹਿੱਸਾ ਲਿਆ। ਇਸ ਦੌਰਾਨ ਵਿਦਿਆਰਥੀਆਂ ਨੂੰ ਪੁਲਸ ਦੇ ਕੰਮਕਾਜ, ਟ?ਰੈਫ਼?ਕ ਨਿਯਮਾਂ, ਸਾਈਬਰ ਸੁਰੱਖਿਆ ਤੇ ਅਹਿਮ ਹੈਲਪਲਾਈਨਾਂ ਜਿਵੇਂ 112, 1091 ਅਤੇ 1930 ਬਾਰੇ ਜਾਣਕਾਰੀ ਦਿੱਤੀ ਗਈ। ਖਾਸ ਤੌਰ 'ਤੇ "ਸਾਂਝ ਕੇਂਦਰਾਂ"ਦੀ ਭੂਮਿਕਾ ਉਜਾਗਰ ਕਰਦਿਆਂ ਵਿਦਿਆਰਥੀਆਂ ਨੂੰ ਉਨ੍ਹਾਂ ਸੇਵਾਵਾਂ ਬਾਰੇ ਜਾਣੂ ਕਰਵਾਇਆ ਗਿਆ ਜੋ ਲੋਕਾਂ ਨੂੰ ਇਨ੍ਹਾਂ ਕੇਂਦਰਾਂ ਰਾਹੀਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ, ਜਿਵੇਂ ਪਾਸਪੋਰਟ ਤਸਦੀਕ, ਪੁਲਸ ਕਲੀਅਰੈਂਸ ਸਰਟੀਫਿਕੇਟ (ਪੀ.ਸੀ.ਸੀ.), ਕਿਰਾਏਦਾਰਾਂ ਦੀ ਤਸਦੀਕ ਅਤੇ ਇਨ੍ਹਾਂ ਸੇਵਾਵਾਂ ਲਈ ਨਿਰਧਾਰਤ ਕਾਨੂੰਨੀ ਫੀਸ ਬਾਰੇ ਜਾਣੂ ਕਰਵਾਇਆ ਗਿਆ। ਸਮਾਗਮ ਦੌਰਾਨ ਪੁਲਸ ਅਧਿਕਾਰੀਆਂ ਨੇ ਵਿਦਿਆਰਥੀਆਂ ਦੇ ਸਵਾਲਾਂ ਦੇ ਜਵਾਬ ਦਿੱਤੇ ਤੇ ਉਨ੍ਹਾਂ ਨੂੰ ਕਾਨੂੰਨ ਦੀ ਪਾਲਣਾ ਕਰਨ ਤੇ ਸਮਾਜ ਪ੍ਰਤੀ ਜ਼ਿੰਮੇਵਾਰ ਨਾਗਰਿਕ ਬਣਨ ਲਈ

ਪ੍ਰੇਰਿਤ ਕੀਤਾ। ਸੈਮੀਨਾਰ ਤੋਂ ਬਾਅਦ ਵਿਦਿਆਰਥੀਆਂ ਨੂੰ ਪੁਲਸ ਕਮਿਸ਼ਨਰ ਦਫ਼ਤਰ ਦੀਆਂ ਵੱਖ-ਵੱਖ ਸ਼ਾਖਾਵਾਂ, ਜਿਵੇਂ ਆਰ.ਟੀ.ਆਈ. ਬ੍ਰਾਂਚ, ਪੀ.ਸੀ. ਬ੍ਰਾਂਚ, ਐੱਫ.ਆਰ.ਓ ਬ੍ਰਾਂਚ ਅਤੇ ਲਿਟੀਗੇਸ਼ਨ ਬ੍ਰਾਂਚ ਆਦਿ ਦਾ ਵੀ ਦੌਰਾ ਕਰਵਾਇਆ ਗਿਆ। ਕਮਿਸ਼ਨਰੇਟ ਪੁਲਸ ਜਲੰਧਰ ਵੱਲੋਂ ਆਗਾਮੀ ਦਿਨਾਂ ਵਿੱਚ ਵੀ ਇਸ ਤਰ੍ਹਾਂ ਦੇ ਜਾਗਰੂਕਤਾ ਪ੍ਰੋਗਰਾਮ ਜਾਰੀ ਰਹਿਣਗੇ, ਤਾਂ ਜੋ ਨੌਜਵਾਨ ਪੀੜ੍ਹੀ ਨੂੰ ਕਾਨੂੰਨ ਪ੍ਰਤੀ ਹੋਰ ਸਚੇਤ ਤੇ ਜ਼ਿੰਮੇਵਾਰ ਨਾਗਰਿਕ ਬਣਿਆ ਜਾ ਸਕੇ।

ਭਰਾ ਦੇ ਅੰਤਿਮ ਸੰਸਕਾਰ ਤੋਂ ਪਰਤ ਰਹੇ ਨੌਜਵਾਨ ਨੂੰ ਕਾਲ ਨੇ ਪਾਇਆ ਘੇਰਾ

ਮਾਛੀਵਾੜਾ ਸਾਹਿਬ 26 ਅਗਸਤ। ਰਾਹੋਂ ਰੋਡ 'ਤੇ ਸਥਿਤ ਪਿੰਡ ਉਧੋਵਾਲ ਨੇੜੇ ਵਾਪਰੇ ਸੜਕ ਹਾਦਸੇ ਵਿਚ ਨੌਜਵਾਨ ਅਜੈ (30) ਵਾਸੀ ਅੰਬੇਦਕਰ ਕਾਲੋਨੀ, ਸਮਰਾਲਾ ਦੀ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਅਜੈ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਜ਼ਿਲ੍ਹਾ

ਹੁਸ਼ਿਆਰਪੁਰ ਦੇ ਪਿੰਡ ਸੈਲਾ ਵਿਖੇ ਇੱਕ ਰਿਸ਼ਤੇ 'ਚ ਲੱਗਦੇ ਆਪਣੇ ਮਸੇਰੇ ਭਰਾ ਦੇ ਅੰਤਿਮ ਸੰਸਕਾਰ 'ਤੇ ਗਿਆ ਸੀ। ਉਹ ਜਦੋਂ ਵਾਪਸ ਆ ਰਿਹਾ ਸੀ ਤਾਂ ਪਿੰਡ ਉਧੋਵਾਲ ਨੇੜੇ ਉਸ ਨੂੰ ਇਨੋਵਾ ਕਾਰ ਨੇ ਟੱਕਰ ਮਾਰ ਦਿੱਤੀ, ਜਿਸ ਹਾਦਸੇ ਵਿਚ ਉਹ ਕਾਰ ਥੱਲੇ ਆ ਗਿਆ। ਇਸ ਹਾਦਸੇ 'ਚ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ, ਜਿਸ ਨੂੰ ਟੱਕਰ ਮਾਰਨ ਵਾਲੀ ਕਾਰ ਦਾ ਚਾਲਕ ਮੌਕੇ ਤੋਂ ਫ਼ਰਾਰ ਹੋ ਗਿਆ। ਰਾਹਗੀਰਾਂ ਵਲੋਂ ਇਸ ਕਾਰ ਦਾ ਨੰਬਰ ਨੋਟ ਕਰ ਲਿਆ ਗਿਆ। ਮ੍ਰਿਤਕ ਅਜੈ ਦੀ ਲਾਸ਼ ਨੂੰ ਮਾਛੀਵਾੜਾ ਪੁਲਸ ਵਲੋਂ ਕਬਜ਼ੇ 'ਚ ਕਰ ਪੋਸਟ ਮਾਰਟਮ ਲਈ ਭੇਜ ਦਿੱਤਾ ਗਿਆ ਅਤੇ ਕਾਰ ਚਾਲਕ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ। ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਕਰਨੈਲ ਸਿੰਘ ਨੇ ਦੱਸਿਆ ਕਿ ਜਲਦ ਹੀ ਇਸ ਹਾਦਸੇ ਨੂੰ ਅੰਜਾਮ ਦੇਣ ਵਾਲੇ ਕਾਰ ਚਾਲਕ ਨੂੰ ਕਾਬੂ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਅਜੈ ਦੀ ਲਾਸ਼ ਦਾ ਪੋਸਟ ਮਾਰਟਮ ਕਰਵਾਉਣ ਉਪਰੰਤ ਵਾਰਿਸਾਂ ਨੂੰ ਸੌਂਪ ਦਿੱਤਾ ਹੈ। ਨੌਜਵਾਨ ਅਜੈ ਆਪਣੇ ਮਸੇਰੇ ਭਰਾ ਦੇ ਅੰਤਿਮ ਸਸਕਾਰ ਤੋਂ ਵਾਪਸ ਆ ਰਿਹਾ ਸੀ ਪਰ ਹੋਣੀ ਅਜਿਹੀ ਲਿਖੀ ਸੀ ਕਿ ਉਹ ਆਪ ਮੌਤ ਦੇ ਮੂੰਹ ਵਿਚ ਜਾ ਪਿਆ। ਮ੍ਰਿਤਕ ਅਜੈ ਆਪਣੇ ਪਿੱਛੇ ਪਤਨੀ ਤੋਂ ਇਲਾਵਾ 3 ਛੋਟੇ ਛੋਟੇ ਬੱਚੇ ਛੱਡ ਗਿਆ ਹੈ ਅਤੇ ਗਰੀਬ ਪਰਿਵਾਰ ਨਾਲ ਸਬੰਧ ਰੱਖਦਾ ਸੀ ਜੋ ਕਿ ਕਬਾੜ ਸਾਮਾਨ ਦੀ ਫੇਰੀ ਲਗਾ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰਦਾ ਸੀ।

ਬੱਸ ਸਟੈਂਡ ਅੰਦਰ ਬੱਸਾਂ ਨਾ ਜਾਣ ਕਾਰਨ ਸਵਾਰੀਆਂ ਹੋ ਰਹੀਆਂ ਨੇ ਖੱਜਲ-ਖੁਆਰ

ਮੁੱਲਾਂਪੁਰ ਦਾਖਾ 26 ਅਗਸਤ। ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਨਾਂ 'ਤੇ ਬਣੇ ਬੱਸ ਅੱਡੇ ਅੰਦਰ ਸਰਕਾਰੀ-ਅਰਧ ਸਰਕਾਰੀ ਅਤੇ ਪ੍ਰਾਈਵੇਟ ਬੱਸਾਂ ਨਾ ਜਾਣ ਕਾਰਨ ਸਵਾਰੀਆਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨ ਦੇ ਨਾਲ-ਨਾਲ ਖੱਜਲ-ਖੁਆਰ ਵੀ ਹੋਣਾ ਪੈ ਰਿਹਾ ਹੈ। ਲੱਖਾਂ ਦੀ ਲਾਗਤ ਨਾਲ ਬਣੇ ਬੱਸ ਅੱਡੇ ਅੰਦਰ ਸਿਰਫ਼ ਪਿੰਡਾਂ ਨੂੰ ਜਾਣ ਵਾਲੀਆਂ ਮਿੰਨੀ ਬੱਸਾਂ ਜਾਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਖੜ੍ਹਦੀਆਂ ਹਨ, ਜਦਕਿ ਲੁਧਿਆਣਾ ਤੋਂ ਜਗਰਾਓਂ, ਮੋਗਾ, ਫਿਰੋਜ਼ਪੁਰ, ਰਾਏਕੋਟ, ਬਠਿੰਡਾ ਆਦਿ ਨੂੰ ਜਾਣ

ਵਾਲੀਆਂ ਬੱਸਾਂ ਬੱਸ ਸਟੈਂਡ ਦੇ ਬਾਹਰ ਸੜਕ 'ਤੇ ਖੜ੍ਹਦੀਆਂ ਹਨ, ਜਿਸ ਕਾਰਨ ਭਾਰੀ ਜਾਮ ਵੀ ਲੱਗਦਾ ਹੈ ਅਤੇ ਆਵਾਜਾਈ 'ਚ ਵਿਘਨ ਪੈਂਦਾ ਹੈ, ਉੱਥੇ ਸਵਾਰੀਆਂ ਨੂੰ ਮੀਂਹ, ਹਨੇਰੀ, ਕੜਕਦੀ ਧੁੱਪ 'ਚ ਸੜਕ 'ਤੇ ਖੜ੍ਹਨਾ ਪੈ ਰਿਹਾ ਹੈ, ਜਿਸ ਕਰ ਕੇ ਸਵਾਰੀਆਂ ਦੀ ਖੱਜਲ-ਖੁਆਰੀ ਹੁੰਦੀ ਹੈ ਅਤੇ ਸਵਾਰੀਆਂ ਬੱਸਾਂ ਦੇ ਮਗਰ ਭੱਜਦੀਆਂ ਆਮ ਵੇਖੀਆਂ ਜਾ ਸਕਦੀਆਂ ਹਨ। ਹਾਲਾਂਕਿ ਨਗਰ ਕੌਂਸਲ ਮੁੱਲਾਂਪੁਰ ਦਾਖਾ ਨੇ ਇਨ੍ਹਾਂ ਬੱਸਾਂ ਤੋਂ ਅੱਡਾ ਫੀਸ ਲੈਣੀ ਹੁੰਦੀ ਹੈ ਅਤੇ ਅਜੇ ਤੱਕ ਇਸ ਦੀ ਅੱਡਾ ਫੀਸ ਤੈਅ ਨਹੀਂ ਹੋ ਸਕੀ ਕਿ ਕਿੰਨੀ ਲੈਣੀ ਹੈ? ਜਿਸ ਕਰ ਕੇ ਪੰਜਾਬ ਸਰਕਾਰ ਦੇ ਨਾਲ-ਨਾਲ ਨਗਰ ਕੌਂਸਲ ਨੂੰ ਰੋਜ਼ਾਨਾ ਹਜ਼ਾਰਾਂ ਰੁਪਿਆਂ ਦਾ ਚੂਨਾ ਲੱਗ ਰਿਹਾ ਹੈ। ਕਈ ਵਾਰ ਉੱਚ ਅਧਿਕਾਰਆਂ ਦੇ ਧਿਆਨ 'ਚ ਲਿਆਉਣ ਦੇ ਬਾਵਜੂਦ ਪ੍ਰਨਾਲਾ ਉਥੇ ਦਾ ਉਥੇ ਹੀ ਹੈ। ਟ?ਰੈਫ਼?ਕ ਪੁਲਸ ਨੂੰ ਵੀ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ, ਤਾਂ ਜੋ ਕੋਈ ਵੱਡਾ ਹਾਦਸਾ ਨਾ ਵਾਪਰ ਜਾਵੇ।

ਸੰਜੀਵ ਅਰੋੜਾ ਕੋਲ ਪਹੁੰਚੀ ਲੋਕਾਂ ਦੀ ਸ਼ਿਕਾਇਤ, ਲੱਗ ਗਈ ਮੁਲਾਜ਼ਮਾਂ ਦੀ ਕਲਾਸ

ਲੁਧਿਆਣਾ 26 ਅਗਸਤ। ਇੰਪਰ

ਪਿਆਰ ਦਾ ਖ਼ੌਫ਼ਨਾਕ ਅੰਤ ! ਦੋ ਪਤੀਆਂ ਨੂੰ ਛੱਡ ਪ੍ਰੇਮੀ ਨਾਲ ਰਹਿਣਾ ਚਾਹੁੰਦੀ ਸੀ ਵਿਆਹੁਤਾ

ਕੌਮੀ ਪਤ੍ਰਿਕਾ

ਲੋਹੀਆਂ ਖਾਸ 26 ਅਗਸਤ। ਲੋਹੀਆਂ ਖ਼ਾਸ ਵਿਖੇ ਵੱਡੀ ਵਾਰਦਾਤ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਇਥੇ ਦੋ ਪਤੀਆਂ ਨੂੰ ਛੱਡ ਕੇ ਪ੍ਰੇਮੀ ਨਾਲ ਰਹਿਣਾ ਦੇ ਇੱਛਾ ਰੱਖਣ ਵਾਲੀ ਵਿਆਹੁਤਾ ਦਾ ਪ੍ਰੇਮੀ ਨੇ ਹੀ ਬੇਰਹਿਮੀ ਨਾਲ ਕਤਲ ਕਰ ਦਿੱਤਾ। ਉਂਕਾਰ ਸਿੰਘ ਬਰਾੜ ਪੀ. ਪੀ. ਐੱਸ. ਉੱਪ ਪੁਲਸ ਕਪਤਾਨ ਸਬ ਡਿਵੀਜਨ ਸ਼ਾਹਕੋਟ ਨੇ ਦੱਸਿਆ ਕਿ ਥਾਣਾ ਲੋਹੀਆਂ ਖ਼ਾਸ ਵਿਚ ਸਾਧੂ ਸਿੰਘ ਪੁੱਤਰ ਨਿਰੰਜਣ ਸਿੰਘ ਵਾਸੀ ਟੁਰਨਾ ਦੇ ਬਿਆਨਾਂ 'ਤੇ ਮੁਕੱਦਮਾ ਦਰਜ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਸੀ ਕਿ ਉਸ ਦੀ ਕੁੜੀ ਹਰਜੀਤ ਕੌਰ ਮਿਤੀ 14 ਜੁਲਾਈ ਨੂੰ ਸਕੂਟਰੀ 'ਤੇ ਆਪਣੇ ਸੀਤੇ ਹੋਏ ਕੱਪੜੇ ਲੈਣ ਲਈ ਬਲਜਿੰਦਰ ਕੌਰ ਪੁੱਤਰੀ ਮੰਗਲ ਸਿੰਘ ਵਾਸੀ ਸੁਚੇਤਗੜ੍ਹ ਕੋਠੇ (ਜੱਬੋਵਾਲ) ਥਾਣਾ ਸੁਲਤਾਨਪੁਰ ਲੋਧੀ ਕੋਲ ਗਈ ਸੀ ਪਰ ਵਾਪਸ ਨਹੀਂ ਆਈ। ਉਨ੍ਹਾਂ ਨੇ ਆਪਣੀ ਲੜਕੀ ਦੀ ਭਾਲ ਕੀਤੀ ਤਾਂ ਹਰਜੀਤ ਕੌਰ ਦੀ ਲਾਸ਼ ਲੋਹੀਆਂ ਤੋਂ ਮੱਖੂ ਜੀ. ਟੀ. ਰੋਡ ਦੇ ਖੱਬੇ ਹੱਥ ਖਤਾਨਾ ਵਿਚ ਖ਼ੂਨ ਨਾਲ ਲਥਪਥ ਲਾਸ਼ ਪਈ ਵੇਖੀ ਅਤੇ ਉਸ ਦੇ ਗਲ੍ਹ ਵਿੱਚ ਡੂੰਘੇ ਤੇਜ਼ਧਾਰ ਹਥਿਆਰਾਂ ਨਾਲ ਜ਼ਖ਼ਮ ਸਨ ਅਤੇ ਉਸ ਦੇ ਨਜ਼ਦੀਕ ਹੀ ਉਸ ਦੀ ਸਕੂਟਰੀ ਵੀ ਪਈ ਮਿਲੀ। ਉਸ ਦਾ ਕਤਲ ਕਿਸੇ ਨਾਮਾਲੂਮ ਵਿਅਕਤੀ ਵੱਲੋਂ ਤੇਜ਼ਧਾਰ ਹਥਿਆਰਾਂ ਨਾਲ ਕੀਤਾ ਗਿਆ ਸੀ। ਮ੍ਰਿਤਕ ਦੇ ਪਿਤਾ ਦੇ ਬਿਆਨ 'ਤੇ ਥਾਣਾ ਲੋਹੀਆਂ ਵਿਖੇ ਮੁਕੱਦਮਾ ਦਰਜ ਰਜਿਸਟਰ ਕਰਕੇ ਅਧੁਨਿਕ ਢੰਗ ਤਰੀਕਿਆਂ ਨਾਲ ਤਫ਼ਤੀਸ਼ ਸ਼ੁਰੂ ਕੀਤੀ। ਤਫ਼ਤੀਸ਼ ਦੌਰਾਨ ਪਾਇਆ ਕਿ ਹਰਜੀਤ ਕੌਰ ਤਲਾਕਸ਼ੁਦਾ ਸੀ ਅਤੇ ਉਸ ਦਾ ਦੂਜਾ ਵਿਆਹ ਫਿਰੋਜ਼ਪੁਰ ਵਿਖੇ ਤਲਾਕਸ਼ੁਦਾ ਕੁਲਵਿੰਦਰ ਸਿੰਘ ਪੁੱਤਰ ਮਹਿੰਦਰ ਸਿੰਘ

ਵਾਸੀ ਮੁਹੱਲਾ ਵੀਰ ਨਗਰ ਫਿਰੋਜ਼ਪੁਰ ਨਾਲ ਹੋਇਆ ਸੀ। ਵਿਆਹ ਤੋਂ ਕੁਝ ਸਮਾਂ ਬਾਅਦ ਹਰਜੀਤ ਕੌਰ ਨੇ ਆਪਣਾ ਘਰ ਗੁਰੂ ਨਾਨਕ ਕਾਲੋਨੀ ਲੋਹੀਆਂ ਵਿਖੇ ਬਣਾ ਕੇ ਆਪਣੀ ਲੜਕੀ ਅਤੇ ਸਮੇਤ ਪਤੀ ਰਹਿਣ ਲੱਗ ਗਈ ਸੀ ਅਤੇ ਪਤੀ ਕੁਲਵਿੰਦਰ ਸਿੰਘ ਵਿਦੇਸ਼ ਇਟਲੀ ਰੋਜ਼ੀ-ਰੋਟੀ ਕਮਾਉਣ ਲਈ ਗਿਆ ਹੋਇਆ ਹੈ। ਪੁਲਸ ਵੱਲੋਂ ਇਸ ਕੇਸ ਦੀ ਗੰਭੀਰਤਾ ਨੂੰ ਵੇਖਦਿਆਂ ਹਰ ਪੱਖ ਤੋਂ ਢੂੰਘਾਈ ਨਾਲ ਤਫ਼ਤੀਸ਼ ਕੀਤੀ ਤਾਂ ਇਹ ਗੱਲ ਸਾਹਮਣੇ ਆਈ ਕਿ ਮ੍ਰਿਤਕ ਹਰਜੀਤ ਕੌਰ ਦਾ ਦੂਜਾ ਵਿਆਹ ਹੋਣ ਤੋਂ ਪਹਿਲਾਂ ਉਸ ਦੇ ਪਰਿਵਾਰ ਨੇ ਇਕ ਲੜਕਾ ਦਲਬੀਰ ਸਿੰਘ ਉਰਫ਼ ਸੋਨੂੰ ਪੁੱਤਰ ਨਿਰਵੈਰ ਸਿੰਘ ਵਾਸੀ ਦਬੁਲੀਆਂ ਥਾਣਾ ਫੱਤੂਢੀਂਗਾ ਜ਼ਿਲ੍ਹਾ ਕਪੂਰਥਲਾ ਵੇਖਿਆ ਸੀ ਪਰ ਉਸ ਨਾਲ ਉਸ ਦਾ ਵਿਆਹ ਨਹੀਂ ਸੀ ਹੋ ਸਕਿਆ। ਹਰਜੀਤ ਕੌਰ ਅਤੇ ਦਲਬੀਰ ਸਿੰਘ ਦਾ ਆਪਸੀ ਵਾਰਤਾਲਾਪ ਅਸਿੱਧੇ ਢੰਗ ਨਾਲ ਬਣਿਆ ਰਿਹਾ। ਕਤਲ ਹੋਣ ਤੋਂ ਪਹਿਲਾਂ ਹਰਜੀਤ ਕੌਰ, ਦਲਬੀਰ ਸਿੰਘ ਨਾਲ ਵਿਆਹ ਕਰਵਾਉਣ ਲਈ ਬੇਜ਼ਿੱਦ ਸੀ ਅਤੇ ਉਸ 'ਤੇ ਦਬਾਅ ਬਣਾ ਰਹੀ ਸੀ। ਜੇ ਇਹ ਸਬੰਧ ਉਜਾਗਰ ਹੋਣ ਦੇ ਡਰੋਂ ਦੋਸ਼ੀ ਦਲਬੀਰ ਸਿੰਘ ਆਪਣੀ ਬਰੀਜਾ ਕਾਰ 'ਤੇ ਮੌਕਾ ਵਾਰਦਾਤ ਆਇਆ ਅਤੇ ਹਰਜੀਤ ਕੌਰ ਦਾ ਤੇਜ਼ਧਾਰ ਹਥਿਆਰ ਨਾਲ ਕਤਲ ਕਰਕੇ ਉਸ ਦੀ ਲਾਸ਼ ਜੀ. ਟੀ. ਰੋਡ ਦੇ ਨਾਲ ਖਤਾਨਾ ਵਿਚ ਸੁੱਟ ਕੇ ਮੌਕਾ ਤੋਂ ਦੌੜ ਗਿਆ ਸੀ। ਜਿਸ ਨੂੰ ਪੁਲਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਦੋਸ਼ੀ ਨੂੰ ਮਾਣਯੋਗ ਅਦਾਲਤ ਵਿਚ ਅੱਜ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਜਾਵੇਗਾ।

ਮੁੱਖ ਮੰਤਰੀ ਰੇਖਾ ਗੁਪਤਾ ਦੀ ਅਗਵਾਈ ਹੇਠ ਦਿੱਲੀ ਸੁਰੱਖਿਅਤ ਹੱਥਾਂ ਵਿੱਚ ਹੈ: ਵੀਕੇ ਸਕਸੈਨਾ

Contd.....Front page

ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਅੱਜ ਦੇਸ਼ ਭਗਤੀ ਦਾ ਮਤਲਬ ਸਿਰਫ਼ ਦੇਸ਼ ਲਈ ਮਰਨਾ ਨਹੀਂ ਹੈ, ਸਗੋਂ ਹਰ ਨਾਗਰਿਕ ਨੂੰ ਹਰ ਰੋਜ਼ ਇਹ ਸੋਚ ਕੇ ਕੰਮ ਕਰਨਾ ਪੈਂਦਾ ਹੈ ਕਿ ਉਹ ਆਪਣੇ ਸ਼ਹਿਰ ਅਤੇ ਦੇਸ਼ ਨੂੰ ਸਾਫ਼, ਸੁਰੱਖਿਅਤ ਅਤੇ ਪ੍ਰਦੂਸ਼ਣ ਮੁਕਤ ਬਣਾਉਣ ਵਿੱਚ ਕਿੰਨਾ ਯੋਗਦਾਨ ਪਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਡੇ ਕੋਲ ਹਰ ਰੋਜ਼ ਦੇਸ਼ ਲਈ ਜਿਉਣ ਅਤੇ ਇਸਨੂੰ ਅੱਗੇ ਵਧਾਉਣ ਦਾ ਮੌਕਾ ਹੈ। ਜਿਸ ਤਰ੍ਹਾਂ ਇਸ ਸਕੂਲ ਨੇ ਆਪਣੇ ਟਰਾਂਸਪੋਰਟ ਫਲੀਟ ਵਿੱਚ ਇਲੈਕਟ੍ਰਿਕ ਬੱਸਾਂ ਨੂੰ ਸ਼ਾਮਲ ਕੀਤਾ ਹੈ, ਇਹ ਪਹਿਲ ਨਾ ਸਿਰਫ਼ ਪ੍ਰਦੂਸ਼ਣ ਘਟਾਉਣ ਵਿੱਚ ਮਦਦ ਕਰੇਗੀ ਸਗੋਂ ਬੱਚਿਆਂ ਵਿੱਚ ਵਾਤਾਵਰਣ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਵੀ ਪੈਦਾ ਕਰੇਗੀ। ਸਰਦਾਰ ਪਟੇਲ ਵਿਦਿਆਲਿਆ ਦੇ ਪ੍ਰਬੰਧਨ, ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਸਕੂਲ ਨੇ ਸਾਫ਼ ਅਤੇ ਹਰੀ ਦਿੱਲੀ ਲਈ ਇੱਕ ਪ੍ਰੇਰਨਾਦਾਇਕ ਉਦਾਹਰਣ ਕਾਇਮ ਕੀਤੀ ਹੈ।

ਇਹ ਤਕਨੀਕੀ ਪਹਿਲਕਦਮੀਆਂ ਇੱਕ ਵਿਕਸਤ ਦਿੱਲੀ ਦੇ ਦ੍ਰਿਸ਼ਟੀਕੋਣ ਨੂੰ ਪੂਰਾ ਕਰਨਗੀਆਂ: ਪਰਵੇਸ਼ ਸਾਹਿਬ ਸਿੰਘ

Contd.....Front page

ਸੁਰੱਖਿਆ ਚਿੰਤਾਵਾਂ ਨੂੰ ਸੰਬੋਧਿਤ ਕਰਦੇ ਹੋਏ, ਮੰਤਰੀ ਨੇ ਕਿਹਾ ਕਿ ਇੱਕ ਡਾਰਕ ਸਪਾਟ ਨਿਗਰਾਨੀ ਪ੍ਰਣਾਲੀ ਵਿਕਸਤ ਕੀਤੀ ਜਾ ਰਹੀ ਹੈ, ਜੋ ਸਟ?ਰੀਟ ਲਾਈਟਾਂ ਤੋਂ ਬਿਨਾਂ ਖੇਤਰਾਂ ਨੂੰ ਡਿਜੀਟਲ ਰੂਪ ਵਿੱਚ ਕੈਪਚਰ ਕਰੇਗੀ। ਇਹ ਪਲੇਟਫਾਰਮ ਦਿੱਲੀ ਵਿੱਚ ਜਨਤਕ ਸੁਰੱਖਿਆ ਨੂੰ ਵਧਾਉਣ ਲਈ ਡਾਰਕ ਸਪਾਟ ਖੇਤਰਾਂ ਨੂੰ ਬਿਹਤਰ ਬਣਾਉਣ ਦੀ ਪ੍ਰਕਿਰਿਆ ਨੂੰ ਤੇਜ਼ ਕਰੇਗਾ। ਟੋਇਆਂ ਅਤੇ ਪਾਣੀ ਭਰਨ ਦੀਆਂ ਸ਼ਿਕਾਇਤਾਂ ਲਈ ਇੱਕ ਡੈਸ਼ਬੋਰਡ ਵੀ ਬਣਾਇਆ ਜਾ ਰਿਹਾ ਹੈ, ਜਿੱਥੇ ਨਾਗਰਿਕਾਂ, ਵਿਭਾਗਾਂ ਅਤੇ ਜਨਤਕ ਨੁਮਾਇੰਦਿਆਂ ਦੀਆਂ ਰਿਪੋਰਟਾਂ ਨੂੰ ਟਰੈਕ ਕੀਤਾ ਜਾਵੇਗਾ ਅਤੇ ਤੁਰੰਤ ਹੱਲ ਕੀਤਾ ਜਾਵੇਗਾ। ਇਹ ਤਕਨੀਕੀ ਪਹਿਲਕਦਮੀਆਂ ਦਿੱਲੀ ਦੀਆਂ ਸੜਕਾਂ ਨੂੰ ਸੁਰੱਖਿਅਤ, ਕੁਸ਼ਲ ਅਤੇ ਨਾਗਰਿਕਾਂ ਦੀਆਂ ਜ਼ਰੂਰਤਾਂ ਪ੍ਰਤੀ ਜਵਾਬਦੇਹ ਬਣਾ ਕੇ ਇੱਕ ਵਿਕਸਤ ਦਿੱਲੀ ਦੇ ਦ੍ਰਿਸ਼ਟੀਕੋਣ ਨੂੰ ਪੂਰਾ ਕਰਨਗੀਆਂ, ਪਰਵੇਸ਼ ਸਾਹਿਬ ਸਿੰਘ ਨੇ ਕਿਹਾ।

ਬੇਕਾਬੂ ਥਾਰ ਨੇ ਸੈਰ ਕਰਦੀਆਂ 2 ਔਰਤਾਂ ਨੂੰ ਮਾਰੀ ਟੱਕਰ, ਹੋਈਆਂ ਜ਼ਖ਼ਮੀ

ਭੁਲੱਥ 26 ਅਗਸਤ। ਭੁਲੱਥ ਤੋਂ ਕਰਤਾਰਪੁਰ ਮੇਨ ਸੜਕ 'ਤੇ ਸਥਿਤ ਪਿੰਡ ਲਿੱਟਾਂ ਵਿਖੇ ਬੀਤੀ ਸ਼ਾਮ ਭੁਲੱਥ ਪਾਸਿਓਂ ਆ ਰਹੀ ਬੇਕਾਬੂ ਤੇਜ਼ ਰਫ਼ਤਾਰ ਇਕ ਥਾਰ ਨੇ ਪਹਿਲਾਂ ਪਿੰਡ ਲਿਟਾਂ ਸਥਿਤ ਸੇਵਕ ਬਿਲਡਿੰਗ ਮਟੀਰੀਅਲ ਦੇ ਸੜਕ ਤੋਂ ਪਾਸੇ ਲੱਗੇ ਲੋਹੇ ਦੇ ਬੋਰਡ 'ਚ ਟੱਕਰ ਮਾਰੀ ਅਤੇ ਬੋਰਡ ਭੰਨ੍ਹ?ਆ। ਫਿਰ ਉੱਥੇ ਨੇੜੇ ਹੀ ਸੜਕ ਤੋਂ ਪਾਸੇ ਸੈਰ ਕਰਦੀਆਂ ਦੋ ਔਰਤਾਂ ਵਿਚ ਪਿੱਛੋਂ ਟੱਕਰ ਮਾਰੀ ਤਾਂ ਬੁਰੀ ਤਰ੍ਹਾਂ ਦੋਵੇਂ ਜ਼ਖ਼ਮੀ ਹੋ ਗਈਆਂ। ਇਸ ਤੋਂ ਬਾਅਦ ਥਾਰ ਨੂੰ ਲੈ ਕੇ ਚਾਲਕ ਮੌਕੇ ਤੋਂ ਹੀ ਫਰਾਰ ਹੋ ਗਿਆ। ਲੋਕਾਂ ਨੇ ਦੱਸਿਆ ਟੱਕਰ ਮਾਰਣ ਤੋਂ ਬਾਅਦ ਥਾਰ ਚਾਲਕ ਵੱਲੋਂ ਔਰਤਾਂ ਵੱਲ ਵੇਖਿਆ ਤੱਕ ਨਹੀਂ ਗਿਆ। ਉੱਥੇ ਮੌਜੂਦ ਪਿੰਡ ਵਾਲਿਆਂ ਨੇ ਔਰਤਾਂ ਨੂੰ ਇਲਾਜ ਲਈ ਭੇਜਿਆ ਅਤੇ ਥਾਰ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ। ਟੱਕਰ ਮਾਰਣ 'ਤੇ ਥਾਰ ਦੇ ਕੁਝ ਪਲਾਸਟਿਕ ਪੁਰਜ਼ੇ ਸੜਕ 'ਤੇ ਡਿੱਗੇ ਵਿਖਾਈ ਵੀ ਦਿੱਤੇ। ਫਿਲਹਾਲ ਥਾਰ ਬਾਰੇ ਜਾਣਕਾਰੀ ਨਹੀਂ ਮਿਲੀ।

ਨਿਊਜ਼ੀਲੈਂਡ ਭੇਜਣ ਦੇ ਨਾਮ 'ਤੇ ਮਾਰੀ ਲੱਖਾਂ ਦੀ ਠੱਗੀ

ਫਗਵਾੜਾ 26 ਅਗਸਤ। ਫਗਵਾੜਾ 'ਚ ਇੱਕ ਨੌਜਵਾਨ ਨੂੰ ਨਿਊਜ਼ੀਲੈਂਡ ਭੇਜਣ ਦੇ ਨਾਮ 'ਤੇ 2 ਵਿਅਕਤੀਆਂ ਵੱਲੋਂ ਉਸਦੇ ਪਿਤਾ ਨਾਲ ਲੱਖਾਂ ਰੁਪਏ ਦੀ ਠੱਗੀ ਮਾਰਨ ਦੀ ਸੂਚਨਾ ਮਿਲੀ ਹੈ। ਜਾਣਕਾਰੀ ਮੁਤਾਬਕ, ਨਰੇਸ਼ ਕੁਮਾਰ ਪੁੱਤਰ ਚਮਨ ਲਾਲ ਵਾਸੀ ਜੀ. ਟੀ. ਰੋਡ ਪਿੰਡ ਮੇਹਟਾਂ, ਫਗਵਾੜਾ ਨੇ ਥਾਣਾ ਸਦਰ ਦੀ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੋਸ਼ ਲਗਾਇਆ ਹੈ ਕਿ ਉਸਦੇ ਪੁੱਤਰ ਸਤਨਾਮ ਨੂੰ ਨਿਊਜ਼ੀਲੈਂਡ ਭੇਜਣ ਦੇ ਨਾਮ 'ਤੇ ਏਜੰਟ ਵਰਿੰਦਰ ਕੁਮਾਰ ਅਤੇ ਏਜੰਟ ਰਮਨ ਕੁਮਾਰ ਪੁੱਤਰ ਰਤਨ ਲਾਲ ਚੰਦਰ ਵਾਸੀ ਮੁਹੱਲਾ ਗੋਬਿੰਦਪੁਰਾ ਖੇੜਾ ਰੋਡ ਫਗਵਾੜਾ ਨੇ ਕੁੱਲ 13 ਲੱਖ 50 ਹਜ਼ਾਰ ਰੁਪਏ ਦੀ ਠੱਗੀ ਮਾਰੀ ਹੈ। ਹੁਣ ਜਦੋਂ ਉਹ ਆਪਣੇ ਪੈਸੇ ਦੋਸ਼ੀਆਂ ਪਾਸੋਂ ਵਾਪਸ ਮੰਗ ਰਿਹਾ ਹੈ ਤਾਂ ਦੋਸ਼ੀ ਉਸ ਨੂੰ ਧਮਕੀਆਂ ਦੇ ਰਹੇ ਹਨ। ਪੁਲਸ ਨੇ ਦੋਸ਼ੀਆਂ ਖਿਲਾਫ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

PUBLIC NOTICE
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.
[RUPESH KUMAR ROUSHAN]
Advocate
D-803, Nandgram,
Ghaziabad,
Uttar Pradesh 201003
roushan.rupesh@gmail.com

NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

NAME CHANGE
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

PUBLIC NOTICE
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.
Shyam Sharma (Adv)

PUBLIC NOTICE
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

NAME CHANGE
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

NAME CHANGE
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

NAME CHANGE
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

NAME CHANGE
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
PINKI LAMBA MANN
ADVOCATE
OFF. A-205A, NORTH EX.MALL, SECTOR-9, ROHINI, NEW DELHI

NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJE

ਹੜ੍ਹ ਪੀੜਤਾਂ ਦੀ ਸਿਹਤ ਸੰਭਾਲ ਲਈ 'ਬੋਟ ਐਂਬੂਲੈਂਸ' ਦੀ ਸ਼ੁਰੂਆਤ

➢ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਕੀਤੇ ਪੁਖਤਾ ਇੰਤਜ਼ਾਮ ➢ ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਵਿਖੇ ਡਿਜਾਸਟਰ ਮੈਨੇਜਮੈਂਟ ਯੂਨਿਟ ਦਾ ਲਿਆ ਜਾਇਜ਼ਾ

ਚੰਡੀਗੜ੍ਹ, 26 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਸਿਹਤ ਮੰਤਰੀ ਡਾ.ਬਲਬੀਰ ਸਿੰਘ ਵਲੋਂ ਅੱਜ ਸੁਲਤਾਨਪੁਰ ਲੋਧੀ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਵਲੋਂ ਹੰਗਾਮੀ ਹਲਾਤਾਂ ਨੂੰ ਦੇਖਦਿਆਂ ਲੋਕਾਂ ਦੀ ਸਿਹਤ ਦੀ ਸੁਚੱਜੀ ਸੰਭਾਲ ਲਈ ਦੂਰ-ਦੁਰਾਡੇ ਢਾਣੀਆਂ 'ਤੇ ਬੈਠੇ ਲੋਕਾਂ ਨੂੰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਬੋਟ ਐਂਬੂਲੈਂਸ ਦੀ ਸ਼ੁਰੂਆਤ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਬੋਟ ਐਂਬੂਲੈਂਸ ਵਿੱਚ ਤਾਇਨਾਤ ਮੈਡੀਕਲ ਟੀਮਾਂ ਵਲੋਂ ਲੋਕਾਂ ਦੀ ਸਿਹਤ ਦੀ ਜਾਂਚ ਕਰਕੇ ਜਰੂਰੀ ਦਵਾਈਆਂ ਮੁਹੱਈਆ ਕਰਵਾਈਆਂ ਜਾਣਗੇ।ਉਨ੍ਹਾਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਸ ਔਖੀ ਘੜੀ ਵਿੱਚ ਲੋਕਾਂ ਦੀ ਪੂਰੀ ਤਨਦੇਹੀ ਨਾਲ ਸੇਵਾ ਕੀਤੀ ਜਾਵੇ ਤਾਂ ਜੋ ਉਹਨਾਂ ਨੂੰ ਸਿਹਤ ਸਬੰਧੀ ਸਮੱਸਿਆਵਾਂ ਦਾ ਸਾਹਮਣਾ ਨਾ ਕਰਨਾ ਪਵੇ।

ਉਨ੍ਹਾਂ ਕਿਸ਼ਤੀ ਰਾਹੀਂ ਪ੍ਰਭਾਵਿਤ ਖੇਤਰਾਂ ਵਿੱਚ ਜਾ ਕੇ ਪੀੜਤਾਂ ਨਾਲ ਮੁਲਾਕਾਤ ਕੀਤੀ ਤੇ ਪੰਜਾਬ ਸਰਕਾਰ ਦੀ ਤਰਫੋਂ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ।

ਸਿਹਤ ਮੰਤਰੀ ਨੇ ਇਹ ਵੀ ਕਿਹਾ ਕਿ ਇਸ ਔਖੀ ਘੜੀ ਵਿੱਚ ਮੁੱਖ ਮੰਤਰੀ, ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੁਬਾ ਸਰਕਾਰ ਲੋਕਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ ਅਤੇ ਉਨ੍ਹਾਂ ਦੀ ਹਰ ਸੰਭਵ ਮਦਦ ਕੀਤੀ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਪਾਣੀ ਨਾਲ ਹੋਣ ਵਾਲੀਆਂ ਬਿਮਾਰੀਆਂ ਡੇਂਗੂ , ਚਿਕਨਗੁਨੀਆ , ਚਮੜੀ ਦੇ ਰੋਗਾਂ ਦੀ ਰੋਕਥਾਮ ਲਈ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਓ ਆਰ ਐਸ ਤੇ ਕਲੋਰੀਨ ਦੀਆਂ ਗੋਲੀਆਂ ਲਗਾਤਾਰ ਵੰਡੀਆਂ ਜਾ ਰਹੀਆਂ ਹਨ।

ਇਸ ਤੋਂ ਪਹਿਲਾਂ ਸਿਵਲ ਹਸਪਤਾਲ, ਸੁਲਤਾਨਪੁਰ ਲੋਧੀ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿਹਤ ਮੰਤਰੀ ਡਾ.ਬਲਬੀਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਪਾਣੀ ਨਾਲ ਪ੍ਰਭਾਵਿਤ ਇਲਾਕਿਆਂ ਅੰਦਰ ਸਿਹਤ ਸਹੂਲਤਾਂ ਪ੍ਰਦਾਨ ਕਰਨ ਤੇ ਗੰਦੇ ਪਾਣੀ

ਨਾਲ ਹੋਣ ਵਾਲੀਆਂ ਬੀਮਾਰੀਆਂ ਦੀ ਰੋਕਥਾਮ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ।

ਉਨ੍ਹਾਂ ਕਿਹਾ ਕਿ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਦਵਾਈਆਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕੁਦਰਤੀ ਆਫ਼ਤ ਮੌਕੇ ਉਹ ਖੁਦ ਨਿੱਜੀ ਤੌਰ 'ਤੇ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਕੇ ਮੁਹੱਈਆ ਕਰਵਾਈਆਂ ਜਾ ਰਹੀਆਂ ਸਿਹਤ ਸਹੂਲਤਾਂ ਦਾ ਜਾਇਜ਼ਾ ਲੈ ਰਹੇ ਹਨ।

ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਦੀ ਸਮੁੱਚੀ ਟੀਮ ਹੜ੍ਹ ਪ੍ਰਭਾਵਿਤ ਲੋਕਾਂ ਦੀ ਪੂਰੀ ਤਨਦੇਹੀ ਨਾਲ ਸੇਵਾ ਕਰ ਰਹੀ ਹੈ।

ਪੱਤਰਕਾਰਾਂ ਵਲੋਂ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਸਿਹਤ ਮੰਤਰੀ ਡਾ.ਬਲਬੀਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਸਰਕਾਰੀ ਹਸਪਤਾਲਾਂ ਵਿੱਚ ਤਾਇਨਾਤੀ ਲਈ 1000 ਡਾਕਟਰਾਂ ਦੀ ਭਰਤੀ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ 450 ਸਟਾਫ਼ ਨਰਸਾਂ ਦੀ ਭਰਤੀ ਪ੍ਰਕਿਰਿਆ ਅਧੀਨ ਹੈ।

ਉਨ੍ਹਾਂ ਕਿਹਾ ਕਿ ਇਸ ਸਾਲ ਸਤੰਬਰ ਮਹੀਨੇ ਤੱਕ ਡਾਕਟਰਾਂ ਅਤੇ ਨਵੰਬਰ ਮਹੀਨੇ ਤੱਕ ਸਟਾਫ਼ ਨਰਸਾਂ ਨੂੰ ਸਰਕਾਰੀ ਹਸਪਤਾਲਾਂ ਵਿੱਚ ਤਾਇਨਾਤ ਕਰ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਡਾਕਟਰਾਂ ਅਤੇ ਸਟਾਫ਼ ਨਰਸਾਂ ਦੀ ਤਾਇਨਾਤੀ ਉਪਰੰਤ ਆਈ.ਸੀ.ਯੂ.ਦੀ ਸਹੂਲਤ ਨਿਰਵਿਘਨ ਚਾਲੂ ਹੋ ਜਾਵੇਗੀ, ਜਿਸ ਨਾਲ ਲੋਕਾਂ ਨੂੰ ਹੋਰ ਬਿਹਤਰ ਮਿਆਰੀ ਸਿਹਤ ਸਹੂਲਤ ਮਿਲ ਸਕਣਗੀਆਂ।

ਉਨ੍ਹਾਂ ਕਿਹ ਕਿ ਇਹ ਪਹਿਲੀ ਵਾਰ ਹੋਇਆ ਕਿ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਡਾਕਟਰਾਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ ਹਨ ਜਿਨਾਂ ਵਿਚੋਂ ਸਵਾ ਸੌ ਦੇ ਕਰੀਬ ਡਾਕਟਰਾਂ ਵਲੋਂ ਡਿਊਟੀ ਜੁਆਇਨ ਕਰ ਲਈ ਗਈ ਹੈ।

ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਸੇਵਾ ਮੁਕਤ ਸਪੈਸ਼ਲਿਸਟ ਡਾਕਟਰਾਂ ਦੀ ਵੀ ਨੈਸ਼ਨਲ ਹੈਲਥ ਮਿਸ਼ਨ ਤਹਿਤ ਭਰਤੀ ਕੀਤੀ ਜਾ ਰਹੀ ਹੈ ਅਤੇ ਜਿਥੇ ਇਹਨਾਂ ਦੀ ਜਰੂਰਤ ਹੈ ਉਥੇ ਤਾਇਨਾਤ ਕੀਤੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਸਿਹਤ ਵਿਭਾਗ ਵਲੋਂ ਸਾਰੀਆਂ ਐਮਰਜੰਸੀ ਸੇਵਾਵਾਂ ਨੂੰ ਹਸਪਤਾਲਾਂ ਵਿੱਚ ਯਕੀਨੀ ਬਣਾਇਆ ਜਾ ਰਿਹਾ ਹੈ। ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਸਿਹਤ ਵਿਭਾਗ ਦੀਆਂ ਟੀਮਾਂ ਨੂੰ ਪੂਰਾ ਸਹਿਯੋਗ ਦੇਣ ਤਾਂ ਜੋ ਹਰ ਤਰ੍ਹਾਂ ਦੀਆਂ ਸਿਹਤ ਸੇਵਾਵਾਂ ਨਿਰਵਿਘਨ ਉਹਨਾਂ ਤੱਕ ਪਹੁੰਚਾਈਆਂ ਜਾ ਸਕਣ।

ਇਸ ਤੋਂ ਇਲਾਵਾ ਉਨ੍ਹਾਂ ਵਲੋਂ ਰਾਹਤ ਕੇਂਦਰ ਲੱਖ ਵਰਿਆਹ ਦਾ ਵੀ ਦੌਰਾ ਕੀਤਾ ਤੇ ਸਿਹਤ ਸੇਵਾਵਾਂ ਦਾ ਜਾਇਜ਼ਾ ਲਿਆ।

ਇਸ ਮੌਕੇ ਰਾਜ ਸਭਾ ਦੇ ਮੈਂਬਰ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਤੇ ਹਲਕਾ ਇੰਚਾਰਜ ਸੱਜਣ ਸਿੰਘ ਚੀਮਾ , ਸਿਵਲ ਸਰਜਨ ਡਾ ਹਰਪਾਲ ਸਿੰਘ ਤੇ ਹੋਰ ਹਾਜ਼ਰ ਸਨ।

ਡਰਾਈ ਡੇਅ ਫਰਾਈ ਡੇਅ ਮੁਹਿੰਮ; ਸਿਹਤ ਟੀਮਾਂ ਵੱਲੋਂ ਸਰਕਾਰੀ ਦਫਤਰਾਂ ਵਿੱਚ ਲਾਰਵੇ ਦਾ ਕੀਤਾ ਗਿਆ ਨਿਰੀਖਣ

ਮਲੇਰਕੋਟਲਾ, 26 ਅਗਸਤ
-ਰਾਜੇਸ਼ ਸ਼ਰਮਾ-
-ਕੌਮੀ ਪੱਤ੍ਰਿਕਾ ਬਿਊਰੋ-

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ.ਬਲਵੀਰ ਸਿੰਘ ਵਲੋਂ ਦਿੱਤੇ ਦਿਸ਼ਾ ਨਿਰਦੇਸ਼ਾਂ ਅਤੇ ਸਿਵਲ ਸਰਜਨ ਮਾਲੇਰਕੋਟਲਾ ਡਾ. ਸੰਜੇ ਗੋਇਲ ਦੀ ਅਗਵਾਈ ਹੇਠ ਜ਼ਿਲ੍ਹਾ ਸਿਹਤ ਵਿਭਾਗ ਵੱਲੋਂ ਡੇਂਗੂ ਤੋਂ ਬਚਾਅ ਲਈ ਫਰਾਈ ਡੇਅ - ਡਰਾਈ ਡੇਅ ਮੁਹਿੰਮ ਤਹਿਤ ਸਰਕਾਰੀ ਦਫਤਰਾਂ ਸਮੇਤ ਵੱਖ- ਵੱਖ ਥਾਵਾਂ ਤੇ ਲਾਰਵੇ ਦਾ ਨਿਰੀਖਣ ਕੀਤਾ ਗਿਆ। ਜਿਲ੍ਹਾ ਐਪੀਡੀਮਾਲੋਜਿਸਟ ਡਾ.ਮੁਨੀਰ ਮੁਹੰਮਦ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਇਸ ਮੁਹਿੰਮ ਤਹਿਤ ਮਲਟੀਪਰਪਜ ਹੈਲਥ ਟੀਮਾਂ ਵੱਲੋਂ ਡੇਂਗੂ ਤੋਂ ਬਚਾਅ ਲਈ ਸਰਗਰਮੀ ਨਾਲ ਕੰਮ ਕਰਦਿਆਂ ਤਕਰੀਬਨ 3327 ਪਾਣੀ ਦੇ ਕੰਟੇਨਰ ਚੌਕ ਕੀਤੇ ਗਏ। ਇਸ ਚੈਕਿੰਗ ਦੌਰਾਨ 19 ਥਾਵਾਂ ਤੋਂ ਲਾਰਵਾ ਮਿਲਿਆ ਜਿਸਨੂੰ ਮੌਕੇ ਤੇ ਨਸ਼ਟ ਕਰਵਾਇਆ ਗਿਆ।

ਇਸ ਮੌਕੇ ਸਿਵਲ ਸਰਜਨ ਡਾ. ਸੰਜੇ ਗੋਇਲ ਨੇ ਕਿਹਾ ਕਿ ਜ਼ਿਲ੍ਹੇ ਦੇ ਲੋਕਾਂ ਨੂੰ ਡੇਂਗੂ ਦੀ ਬਿਮਾਰੀ ਤੋਂ ਬਚਾਉਣ ਲਈ ਸਿਹਤ ਵਿਭਾਗ ਪੂਰੀ ਤਰ੍ਹਾਂ ਸਰਗਰਮੀ ਹੈ। ਉਹਨਾਂ ਕਿਹਾ ਕਿ ਸਿਹਤ ਵਿਭਾਗ ਵੱਲੋਂ ਹਰ ਸ਼ੁੱਕਰਵਾਰ ਨੂੰ ਮੁੱਖ ਦਫ਼ਤਰ ਦੀਆਂ ਹਦਾਇਤਾਂ ਅਨੁਸਾਰ ਵੱਖ - ਵੱਖ ਥਾਵਾਂ ਤੇ ਜਾ ਕੇ ਲਾਰਵੇ ਦਾ ਨਿਰੀਖਣ ਕੀਤਾ ਜਾਂਦਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਲੋਕ ਸਾਫ਼ ਸਫ਼ਾਈ ਦਾ ਪੂਰਾ ਖ਼ਿਆਲ ਰੱਖਿਆ ਜਾਵੇ ਅਤੇ ਕਿਤੇ ਵੀ ਵਾਧੂ ਪਾਣੀ ਇੱਕਠਾ ਨਾ ਹੋਣ ਦਿੱਤਾ ਜਾਵੇ। ਉਹਨਾਂ ਕਿਹਾ ਕਿ ਮੱਛਰ ਨੂੰ ਪੈਦਾ ਹੋਣ ਤੋਂ ਰੋਕਣ ਤੇ ਮੱਛਰ ਦੇ ਕੱਟਣ ਤੋਂ ਬਚਣਾ ਹੀ ਡੇਂਗੂ ਦੀ ਰੋਕਥਾਮ ਲਈ ਪਹਿਲਾ ਕਦਮ ਹੈ।

ਇਸ ਮੌਕੇ ਸਹਾਇਕ ਸਿਵਲ ਸਰਜਨ ਡਾ. ਸਜ਼ੀਲਾ ਖਾਨ, ਜਿਲ੍ਹਾ ਸਿਹਤ ਅਫ਼ਸਰ ਡਾ. ਪੁਨੀਤ ਸਿੱਧੂ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਰਿਸ਼ਮਾ ਭੱਰਾ, ਮਾਸ ਮੀਡੀਆ ਅਫ਼ਸਰ ਰਣਵੀਰ ਸਿੰਘ ਢੰਡੇ, ਐਨ.ਵੀ.ਬੀ.ਡੀ.ਸੀ.ਪੀ ਵਿੰਗ ਤੋਂ ਮੁਹੰਮਦ ਰਾਸ਼ਿਦ, ਰਾਜੇਸ਼ ਰਿਖੀ, ਵਿਕਰਮਜੀਤ ਸਿੰਘ, ਸੁਖਵਿੰਦਰ ਸਿੰਘ ਸਮੇਤ ਸਿਹਤ ਵਿਭਾਗ ਦੇ ਕਰਮਚਾਰੀ ਹਾਜ਼ਰ ਸਨ।

ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਅਤੇ ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਜ਼ਿਲ੍ਹਾ ਫ਼ਾਜ਼ਿਲਕਾ ਦੇ ਸਰਹੱਦੀ ਪਿੰਡਾਂ ਦਾ ਦੌਰਾ

➢ ਸਤਲੁਜ ਕ੍ਰੀਕ ਨੇੜਲੇ ਪ੍ਰਭਾਵਿਤ ਪਿੰਡਾਂ ਵਿੱਚ ਜਾ ਕੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ➢ ਅਧਿਕਾਰੀਆਂ ਨੂੰ ਪ੍ਰਭਾਵਿਤ ਲੋਕਾਂ ਨੂੰ ਜ਼ਰੂਰੀ ਸਹੂਲਤਾਂ ਮੁਹੱਈਆ ਕਰਾਉਣ ਦੇ ਦਿੱਤੇ ਨਿਰਦੇਸ਼ ਸਰਕਾਰ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਪਹੁੰਚਾ ਰਹੀ ਹੈ ਫ਼ੌਰੀ ਮਦਦ

ਚੰਡੀਗੜ੍ਹ, 26 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਕਾਰਜਾਂ ਦੀ ਨਿਗਰਾਨੀ ਕਰਨ ਅਤੇ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕਰਕੇ ਉਨ੍ਹਾਂ ਨੂੰ ਜ਼ਰੂਰੀ ਸਹੂਲਤਾਂ ਤੁਰੰਤ ਮੁਹੱਈਆ ਕਰਾਉਣ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਅਤੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਸ. ਤਰੁਨਪ੍ਰੀਤ ਸਿੰਘ ਸੌਂਦ ਨੇ ਅੱਜ ਜ਼ਿਲ੍ਹਾ ਫ਼ਾਜ਼ਿਲਕਾ ਵਿੱਚ ਕੌਮਾਂਤਰੀ ਸਰਹੱਦ 'ਤੇ ਪੈਂਦੇ ਪਿੰਡਾਂ ਦਾ ਦੌਰਾ ਕਰਕੇ ਸਤਲੁਜ ਦੀ ਕ੍ਰੀਕ ਵਿੱਚ ਆਏ ਪਾਣੀ ਦੇ ਪ੍ਰਭਾਵ ਦਾ ਜਾਇਜ਼ਾ ਲਿਆ।

ਇਸ ਦੌਰਾਨ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਜਿੱਥੇ ਪਿੰਡ ਕਾਵਾਂਵਾਲੀ ਪੱਤਣ ਅਤੇ ਮੁਹਾਰ ਜਮਸ਼ੇਰ ਦਾ ਦੌਰਾ ਕੀਤਾ, ਉਥੇ ਸ. ਤਰੁਨਪ੍ਰੀਤ ਸਿੰਘ ਸੌਂਦ ਵੀ ਮੁਹਾਰ ਜਮਸ਼ੇਰ ਪਿੰਡ ਪਹੁੰਚੇ ਅਤੇ ਲੋਕਾਂ ਦਾ ਹਾਲ-ਚਾਲ ਜਾਣਿਆ। ਉਨ੍ਹਾਂ ਲੋਕਾਂ ਦੀਆਂ ਮੁਸ਼ਕਲਾਂ ਸੁਣ ਕੇ ਮੌਕੇ 'ਤੇ ਮੌਜੂਦ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਪ੍ਰਭਾਵਿਤ ਲੋਕਾਂ ਨੂੰ ਤੁਰੰਤ ਜ਼ਰੂਰੀ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ।

ਪਿੰਡ ਨੂੰ ਜੋੜਨ ਵਾਲੀ ਸੜਕ 'ਤੇ ਪਾਣੀ ਹੋਣ ਕਾਰਨ ਸ੍ਰੀ ਬਰਿੰਦਰ ਕੁਮਾਰ ਗੋਇਲ ਅਤੇ ਸ੍ਰੀ ਤਰੁਨਪ੍ਰੀਤ ਸਿੰਘ

ਸੌਂਦ ਪਿੰਡ ਮੁਹਾਰ ਜਮਸ਼ੇਰ ਦੇ ਅੰਦਰ ਤੱਕ ਟਰੈਕਟਰ 'ਤੇ ਗਏ। ਹਾਲਾਂਕਿ ਪਿੰਡ ਦੇ ਅੰਦਰ ਪਾਣੀ ਦਾਖ਼ਲ ਨਹੀਂ ਹੋਇਆ ਅਤੇ ਸਾਰੇ ਘਰ ਸੁਰੱਖਿਤ ਹਨ। ਸ੍ਰੀ ਗੋਇਲ ਨੇ ਦੱਸਿਆ ਕਿ ਡੈਮਾਂ 'ਤੇ ਫ਼ਿਲਹਾਲ ਪਾਣੀ ਦੀ ਆਮਦ ਘਟੀ ਹੈ ਅਤੇ ਇਸ ਨਾਲ ਆਉਣ ਵਾਲੇ ਦਿਨਾਂ ਵਿੱਚ ਰਾਹਤ ਦੀ ਉਮੀਦ ਹੈ।

ਗੱਲਬਾਤ ਦੌਰਾਨ ਦੋਵੇਂ ਕੈਬਨਿਟ ਮੰਤਰੀਆਂ ਨੇ ਆਖਿਆ ਕਿ ਇਸ ਦੌਰੇ ਦਾ ਮੁੱਖ ਉਦੇਸ਼ ਜਿੱਥੇ ਲੋਕਾਂ ਦੀਆਂ ਮੁਸ਼ਕਿਲਾਂ ਦਾ ਫ਼ੌਰੀ ਹੱਲ ਕਰਨਾ ਹੈ, ਉੱਥੇ ਸਮੱਸਿਆ ਦੇ ਸਥਾਈ ਹੱਲ ਦੀ ਯੋਜਨਾਬੰਦੀ ਲਈ ਗਰਾਊਂਡ 'ਤੇ ਜਾ ਕੇ ਸਥਿਤੀ ਦਾ ਮੁਲਾਂਕਣ ਕਰਨਾ ਹੈ। ਉਨ੍ਹਾਂ ਅਧਿਕਾਰੀਆਂ ਤੋਂ ਮੌਜੂਦਾ ਸਥਿਤੀ ਦੀ ਜਾਣਕਾਰੀ ਵੀ ਲਈ।

ਕੈਬਨਿਟ ਮੰਤਰੀਆਂ ਨੇ ਕਿਹਾ ਕਿ ਸਰਕਾਰ ਵੱਲੋਂ ਇਸ ਕੁਦਰਤੀ ਆਫਤ ਮੌਕੇ ਲੋਕਾਂ ਦੀ ਹਰ ਸੰਭਵ ਮਦਦ ਕਰਨ ਦੇ ਉਪਰਾਲੇ ਕੀਤੇ ਗਏ ਹਨ ਅਤੇ ਸਾਰੇ ਪ੍ਰਭਾਵਿਤ ਪਿੰਡਾਂ ਵਿੱਚ ਮੈਡੀਕਲ ਟੀਮਾਂ, ਪਸ਼ੂ ਪਾਲਣ ਵਿਭਾਗ ਦੀਆਂ ਟੀਮਾਂ ਭੇਜੀਆਂ ਜਾ ਰਹੀਆਂ ਹਨ ਅਤੇ ਲੋੜ ਅਨੁਸਾਰ ਰਾਸ਼ਨ ਵੀ ਉਪਲਬਧ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਰਾਤ ਸਮੇਂ ਸਾਰੇ ਪਿੰਡਾਂ ਵਿੱਚ ਬਿਜਲੀ ਦੀ ਸਪਲਾਈ ਯਕੀਨੀ ਬਣਾਈ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਲੋਕਾਂ ਨੂੰ ਫ਼ੌਰੀ ਮਦਦ ਉਪਲਬਧ ਕਰਵਾਉਣ ਲਈ ਸਾਰੀਆਂ ਟੀਮਾਂ ਤਾਇਨਾਤ ਹਨ ਅਤੇ ਸਾਰੇ ਪ੍ਰਭਾਵਿਤ ਇਲਾਕੇ ਨੂੰ ਸੈਕਟਰਾਂ ਵਿੱਚ ਵੰਡ ਕੇ ਸੈਕਟਰ ਅਫ਼ਸਰ ਲਗਾਏ ਗਏ ਹਨ ਤਾਂ ਜੋ ਲੋਕਾਂ ਨਾਲ ਸਿੱਧਾ ਰਾਬਤਾ ਕਰਕੇ ਜ਼ਰੂਰਤਮੰਦ ਲੋਕਾਂ ਤੱਕ ਮਦਦ ਮੁਹੱਈਆ ਕਰਵਾਈ ਜਾ ਸਕੇ। ਉਨ੍ਹਾਂ ਆਖਿਆ ਕਿ ਸਾਰੇ ਪਿੰਡਾਂ ਦੇ ਲੋਕਾਂ ਦੇ ਸੰਪਰਕ ਨੰਬਰ ਪ੍ਰਸ਼ਾਸਨ ਵੱਲੋਂ ਇਕੱਠੇ ਕੀਤੇ ਜਾ ਰਹੇ ਹਨ ਤਾਂ ਜੋ ਹਰੇਕ ਵਿਅਕਤੀ ਤੱਕ ਸਿੱਧਾ ਸੰਪਰਕ ਹੋ ਸਕੇ।

ਕੈਬਨਿਟ ਮੰਤਰੀਆਂ ਨੇ ਇਹ ਵੀ ਕਿਹਾ ਕਿ ਵਿਸੇਸ਼ ਗਿਰਦਾਵਰੀ ਸਬੰਧੀ ਸਰਕਾਰ ਵੱਲੋਂ ਪਹਿਲਾਂ ਹੀ ਹੁਕਮ ਕਰ ਦਿੱਤੇ ਗਏ ਹਨ ਅਤੇ ਕਿਸਾਨਾਂ ਦੇ ਹਰ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੂੰ ਪਿੰਡਾਂ ਵਿਚ ਰਹਿਣ ਦੀ ਹਦਾਇਤ ਕੀਤੀ ਗਈ ਹੈ ਤਾਂ ਜੋ ਲੋਕਾਂ ਦੀ ਤੁਰੰਤ ਮਦਦ ਹੋ ਸਕੇ।

ਇਸ ਮੌਕੇ ਲੋਕਾਂ ਵੱਲੋਂ ਮੰਗ ਪੱਤਰ ਦਿੱਤਾ ਗਿਆ ਅਤੇ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਉਹ ਖੁਦ ਇਹ ਮੰਗ ਪੱਤਰ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਤੱਕ ਪਹੁੰਚਾਉਣਗੇ। ਉਨ੍ਹਾਂ ਕਿਹਾ ਕਿ ਸਰਹੱਦੀ ਖਿੱਤੇ ਲੋਕ ਬਹੁਤ ਬਹਾਦਰ ਹਨ ਅਤੇ ਦੇਸ਼ ਦੀ ਰੱਖਿਆ ਵਿਚ ਵੀ ਸਾਡੀ ਫ਼ੋਰਸ ਨਾਲ ਖੜਦੇ ਹਨ ਅਤੇ ਇਸ ਮੁਸਕਿਲ ਵਿਚ ਸਰਕਾਰ ਇਨ੍ਹਾਂ ਦੇ ਨਾਲ ਖੜੀ ਹੈ।

ਇਸ ਮੌਕੇ ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਇਲਾਕੇ ਵਿੱਚ ਕੱਚੀਆਂ ਜ਼ਮੀਨਾਂ ਦਾ ਮੁੱਦਾ ਕੈਬਨਿਟ ਮੰਤਰੀ ਸਾਹਮਣੇ ਰੱਖਿਆ। ਇਸ 'ਤੇ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ ਇਸ ਵਿਸ਼ੇ ਬਾਰੇ ਕਮੇਟੀ ਪਹਿਲਾਂ ਹੀ ਕੰਮ ਕਰ ਰਹੀ ਹੈ ਅਤੇ ਸਰਕਾਰ ਲੋਕਾਂ ਦੀਆਂ ਆਸਾਂ ਅ

ਸੂਰਜ ਦੇ ਵਿਹੜੇ ਦੇ ਆਖ਼ਰੀ ਸਿਰੇ ਦੀ ਛਾਣ-ਬੀਣ

**ਚਾਰ ਅਰਬ ਅੱਸੀ ਕਰੋੜ ਕਿਲੋਮੀਟਰ ਦੂਰ ਦੇ ਧਰਤੀ ਦੇ ਭਰਾ ਨੂੰ ਮਿਲਣਾ ਸੌਖਾ ਨਹੀਂ ਸੀ। ਪਲੂਟੋ ਦੇ ਨਾਲ ਨਾਲ ਇਸ ਦੇ ਚੰਦ ਚੈਰੋਨ ਦੀਆਂ ਤਸਵੀਰਾਂ ਵੀ ਇਸ ਨੇ ਲਈਆਂ। ਇਸ ਤੋਂ ਪਾਰ ਇਹ ਹੁਣ ਡੇਢ ਅਰਬ ਕਿਲੋਮੀਟਰ ਤੋਂ ਵੀ ਵਿਸ਼ਾਲ ਕਿਊਪਰ ਬਸਤੀ ਦੀ ਛਾਣ-ਬੀਣ ਕਰ ਰਿਹਾ ਹੈ। ਪੰਜ ਕੁ ਸਾਲ ਬਾਅਦ ਇਹ ਬਸਤੀ ਛੱਡ ਕੇ ਅਨੰਤ ਪੁਲਾੜ ਗਾਹ ਰਹੇ ਨਾਸਾ ਦੇ ਚਾਰ ਮਹਾਂ ਪੁਲਾੜੀ ਜਹਾਜ਼ਾਂ ਵਿੱਚ ਰਲ ਜਾਵੇਗਾ। ਇਹ ਪਾਇਨੀਅਰ-10, ਪਾਇਨੀਅਰ-11, ਵਾਇਜਰ-1 ਅਤੇ ਵਾਇਜਰ-2 ਹੜ। ਨਿਊ ਹੋਰਾਈਜ਼ਨਜ਼ ਤੋਂ ਸਿਗਨਲ ਸਾਡੇ ਤਕ ਪਹੁੰਚਣ ਵਿੱਚ ਸਾਢੇ ਚਾਰ ਘੰਟੇ ਤੋਂ ਵੱਧ ਲੱਗ ਜਾਂਦੇ ਹਨ। ਪਹੁੰਚਿਆ ਸਿਗਨਲ ਇੰਨਾ ਕਮਜ਼ੋਰ ਹੁੰਦਾ ਹੈ ਕਿ ਨਾਸਾ ਨੂੰ ਆਸਟਰੇਲੀਆ, ਕੈਨੇਡਾ ਤੇ ਸਪੇਨ ਵਿੱਚ ਸਥਾਪਤ 61 ਮੀਟਰ ਚੌੜੀਆਂ ਰੇਡੀਓ ਡਿਸ਼ਾਂ ਵਰਤਣੀਆਂ ਪੈਂਦੀਆਂ ਹਨ। ਇਸ ਤੋਂ ਮਿਲੀ ਜਾਣਕਾਰੀ ਨੇ ਦੱਸਿਆ ਹੈ ਕਿ ਪਲੂਟੋ ਦਾ ਵਿਆਸ 2302 ਕਿਲੋਮੀਟਰ ਨਹੀਂ 2370 ਕਿਲੋਮੀਟਰ ਹੈ। ਇਸ ਨਾਲ ਇਹ ਐਰਿਸ ਤੋਂ ਵੱਡਾ ਸਿੱਧ ਹੋਇਆ। ਪਹਿਲੀ ਜਾਣਕਾਰੀ ਮੁਤਾਬਿਕ ਐਰਿਸ ਇਸ ਤੋਂ ਵੱਡਾ ਸੀ ਅਤੇ ਉਸੇ ਕਰਕੇ ਇਸ ਤੋਂ ਗ੍ਰਹਿ ਦਾ ਦਰਜਾ ਖੋਹ ਕੇ ਇਸ ਨੂੰ ਬੌਣੇ ਗ੍ਰਹਿ ਦਾ ਨਾਂ ਦਿੱਤਾ ਗਿਆ ਸੀ। ਪ੍ਰਾਪਤ ਜਾਣਕਾਰੀ ਇਹ ਵੀ ਦੱਸ ਰਹੀ ਹੈ ਕਿ ਪਲੂਟੋ ਦੇ ਵਾਯੂਮੰਡਲ ਦੀ ਨਿਮਨਤਮ ਪਰਤ ਉਸ ਨਾਲੋਂ ਕਿਤੇ ਵੱਧ ਪਤਲੀ ਹੈ ਜਿੰਨੀ ਇਹ ਸਮਝੀ ਜਾਂਦੀ ਸੀ। 1930 ਤਕ ਪਲੂਟੋ ਬਾਰੇ ਕਿਸੇ ਨੂੰ ਪਤਾ ਨਹੀਂ ਸੀ। ਬਸ ਅਮਰੀਕੀ ਤਾਰਾ ਵਿਗਿਆਨੀ ਪਰਸੀਵਲ ਲਾਵੇਲ ਨੇ 1905 ਵਿੱਚ ਆਪਣੀ ਖੋਜ ਦੇ ਆਧਾਰ ਉੱਤੇ ਇੰਨਾ ਕਹਿ ਕੇ ਗੱਲ ਤੋਰੀ ਕਿ ਨੈਪਚੂਨ ਤੇ ਪਲੂਟੋ ਦੇ ਆਰਬਿਟ ਜਿਵੇਂ ਥਿੜਕਦੇ ਹਨ, ਨੈਪਚੂਨ ਤੋਂ ਪਰ੍ਹਾਂ ਕੋਈ ਗ੍ਰਹਿ ਪ੍ਰਤੀਤ ਹੁੰਦਾ ਹੈ ਜਿਸ ਦੀ ਗੁਰੂਤਾ ਖਿੱਚ ਇਸ ਥਿੜਕਣ ਦੀ ਜ਼ਿੰਮੇਵਾਰ ਹੈ। ਪਰਸੀਵਲ ਲਾਵੇਲ 1915 ਵਿੱਚ ਮਰ ਗਿਆ। 1929 'ਚ ਬਾਈ ਸਾਲ ਦੇ ਇੱਕ ਸ਼ੌਕੀਆ ਤਾਰਾ ਵਿਗਿਆਨੀ ਕਲਾਈਡ ਟਾਮਬਾਗ ਨੇ ਐਰੀਜ਼ੋਨਾ ਦੀ ਲਾਵੇਲ ਔਬਜ਼ਰਵੇਟਰੀ ਦੇ ਸ਼ਕਤੀਸ਼ਾਲੀ ਵਾਈਡ ਫੀਲਡ ਟੈਲੀਸਕੋਪ ਨਾਲ ਆਸਮਾਨ ਦੀ ਛਾਣ-ਬੀਣ ਸ਼ੁਰੂ ਕੀਤੀ। 18 ਫਰਵਰੀ 1930 ਨੂੰ ਉਸ ਨੂੰ ਤਿੰਨ ਤਸਵੀਰਾਂ ਵਿੱਚ ਇੱਕ ਨਵਾਂ ਗ੍ਰਹਿ ਦਿਸਿਆ। ਔਕਸਫੋਰਡ (ਇੰਗਲੈਂਡ) ਦੀ ਗਿਆਰਾਂ ਸਾਲ ਦੀ ਸਕੂਲ ਪੜ੍ਹਦੀ ਕੁੜੀ ਵਨੀਸ਼ੀਆ ਬਰਨੀ ਦੇ ਸੁਝਾਅ ਉੱਤੇ ਨਵੇਂ ਗ੍ਰਹਿ ਦਾ ਨਾਂ ਪਲੂਟੋ ਰੱਖਿਆ ਗਿਆ। ਇਹ ਨਾਂ ਗ੍ਰਹਿਆਂ ਦੇ ਯੂਨਾਨੀ ਮਿਥਿਹਾਸਕ ਨਾਂਵਾਂ ਨਾਲ ਮੇਲ ਵੀ ਖਾਂਦਾ ਸੀ ਅਤੇ ਇਸ ਗ੍ਰਹਿ ਦੀ ਹੋਂਦ ਦੀ ਸੰਭਾਵਨਾ ਦੱਸਣ ਵਾਲੇ ਪਰਸੀਵਲ (ਪੀ) ਲਾਵੇਲ (ਐੱਲ) ਦੇ ਨਾਂ ਦੇ ਪਹਿਲੇ ਦੋ ਵਰਣਾਂ ਨੂੰ ਚੇਤੇ ਕਰਾ ਕੇ ਉਸ ਨੂੰ ਸ਼ਰਧਾਂਜਲੀ ਵੀ ਦਿੰਦਾ ਸੀ। ਸਾਡਾ ਇਹ ਭਰਾ ਸੂਰਜ ਦੀ ਇੱਕ ਪਰਿਕਰਮਾ 248 ਸਾਲ ਵਿੱਚ ਕਰਦਾ ਹੈ। ਇਸ ਦੌਰਾਨ ਇਸ ਦੀ ਸੂਰਜ ਤੋਂ ਵੱਧ ਤੋਂ ਵੱਧ ਦੂਰੀ ਸੱਤ ਅਰਬ ਚਾਲੀ ਕਰੋੜ ਤੇ ਘੱਟ ਤੋਂ ਘੱਟ ਦੂਰੀ ਚਾਰ ਅਰਬ ਚਾਲੀ ਕਰੋੜ ਕਿਲੋਮੀਟਰ ਹੁੰਦੀ ਹੈ। ਸਾਡੇ ਚੰਦ ਤੋਂ ਵੀ ਛੋਟਾ ਇਹ ਗ੍ਰਹਿ ਪਰਿਕਰਮਾ ਕਰਦੇ ਸਮੇਂ ਸਤਾਰਾਂ ਡਿਗਰੀ ਉੱਤੇ ਝੁਕਿਆ ਰਹਿੰਦਾ ਹੈ। ਸਮਾਂ ਬੀਤਣ ਨਾਲ ਪਤਾ ਲੱਗਿਆ ਕਿ ਆਕਾਰ ਪੱਖੋਂ ਪਲੂਟੋ ਨਾਲ ਮੁਕਾਬਲਾ ਕਰਦੇ ਹੋਰ ਪੁਲਾੜੀ ਪਿੰਡ ਵੀ ਹਨ।

ਇਨ੍ਹਾਂ ਦੀ ਹੋਂਦ ਦੀ ਪੁਸ਼ਟੀ ਹੋਣ ਨਾਲ ਤਾਰਾ ਵਿਗਿਆਨੀਆਂ ਵਿੱਚ ਖਾਸਾ ਬਹਿਸ ਮੁਬਾਹਿਸਾ ਹੋਇਆ ਅਤੇ 2006 ਵਿੱਚ ਪਲੂਟੋ ਤੋਂ ਨੌਵੇਂ ਗ੍ਰਹਿ ਦਾ ਦਰਜਾ ਖੋਹ ਕੇ ਇਸ ਨੂੰ ਬੌਣਾ ਗ੍ਰਹਿ ਬਣਾ ਦਿੱਤਾ ਗਿਆ। ਸੀਅਰਜ਼, ਹਉਮੀਆ, ਮੇਕ ਮੇਕ ਅਤੇ ਐਰਿਸ ਚਾਰ ਹੋਰ ਬੌਣੇ ਗ੍ਰਹਿ ਇਸ ਦੇ ਸਾਥੀ ਬਣੇ। ਇਨ੍ਹਾਂ ਵਿੱਚੋਂ ਸੀਅਰਜ਼ ਐਸਟਰਾਇਡ ਬਸਤੀ ਦਾ ਵਾਸੀ ਹੈ। ਬਾਕੀ ਤਿੰਨੇ ਨੈਪਚੂਨ ਤੋਂ ਪਰ੍ਹਾਂ ਸੂਰਜੀ ਵਿਹੜੇ ਦੇ ਬਾਸ਼ਿੰਦੇ ਹਨ। ਤਾਰਾ ਵਿਗਿਆਨੀ ਕਹਿੰਦੇ ਹਨ ਕਿ ਸੂਰਜੀ ਵਿਹੜੇ ਤੇ ਇਸ ਨਾਲ ਲੱਗਦੀ ਕਿਊਪਰ ਬਸਤੀ ਵਿੱਚ ਦੋ ਸੌ ਦੇ ਕਰੀਬ ਬੌਣੇ ਗ੍ਰਹਿ ਹਨ। 1979 ਵਿੱਚ ਜੇਮਜ਼ ਕਰਿਸਟੀ ਨੇ ਪਹਿਲਾਂ ਸਿਧਾਂਤਕ ਰੂਪ ਵਿੱਚ ਅਤੇ ਫਿਰ ਸੱਚਮੁੱਚ ਪਲੂਟੋ ਦੇ ਇੱਕ ਚੰਦ ਦੀ ਖੋਜ ਕੀਤੀ। ਉਸ ਨੇ ਆਪਣੀ ਪਤਨੀ ਚਾਰਲੀਨ ਦੇ ਨਾਂ ਉੱਤੇ ਇਸ ਨੂੰ ਚਾਰੋਨ ਦਾ ਨਾਮ ਦਿੱਤਾ। ਬਾਰਾਂ ਸੌ ਕਿਲੋਮੀਟਰ ਵਿਆਸ ਵਾਲਾ ਚਾਰੋਨ, ਪਲੂਟੋ ਤੋਂ ਅੱਧੇ ਨਾਲੋਂ ਵੱਡਾ ਹੈ। ਉਂਜ, ਪਲੂਟੋ ਦੇ ਚਾਰ ਹੋਰ ਨਿੱਕੇ ਆਕਾਰ ਦੇ ਚੰਨ ਵੀ ਹਨ। ਇਹ ਹਨ: ਨਿਕਸ, ਹਾਈਡਰਾ, ਸਟਾਈਕਸ ਤੇ ਕਰਬੀਰਾਸ। ਪਲੂਟੋ ਆਪਣੀ ਧੁਰੀ ਉੱਤੇ ਪੂਰਬ ਤੋਂ ਪੱਛਮ ਵੱਲ ਘੁੰਮਦਿਆਂ ਇੱਕ ਚੱਕਰ ਸਾਡੇ ਹਿਸਾਬ ਨਾਲ ਛੇ ਦਿਨ ਨੌਂ ਘੰਟੇ ਵਿੱਚ ਪੂਰਾ ਕਰਦਾ ਹੈ। ਕਮਾਲ ਹੈ ਕਿ ਚਾਰੋਨ ਵੀ ਪਲੂਟੋ ਦਾ ਚੱਕਰ ਬਿਲਕੁਲ ਇੰਨੇ ਹੀ ਸਮੇਂ ਵਿੱਚ ਪੂਰਾ ਕਰਦਾ ਹੈ। ਇਸ ਕਰਕੇ ਇਹ ਪਲੂਟੋ ਦੇ ਹਿਸਾਬ ਨਾਲ ਇੱਕੋ ਥਾਂ ਖੜ੍ਹਾ ਲੱਗਦਾ ਹੈ। ਪਲੂਟੋ ਦਾ ਚੰਦ ਨਾ ਡੁੱਬਦਾ ਹੈ ਤੇ ਨਾ ਹੀ ਚੜ੍ਹਦਾ ਹੈ। ਕਮਾਲ ਦਾ ਨਜ਼ਾਰਾ ਹੋਵੇਗਾ। ਸਾਡੇ ਸੌ ਚੰਨਾਂ ਵਰਗੀ ਚਮਕਦੀ ਚਿੱਟੀ ਲੋਹ ਇੱਕੋ ਥਾਂ ਆਕਾਸ਼ ਵਿੱਚ ਜਗਮਗ ਕਰਦੀ ਦਿਸਦੀ ਹੋਵੇਗੀ।

ਇੰਨੀ ਦੂਰ ਦੇ ਗ੍ਰਹਿ/ਬੌਣੇ ਗ੍ਰਹਿ ਪਲੂਟੋ ਬਾਰੇ ਤਾਰਾ ਵਿਗਿਆਨੀਆਂ ਨੂੰ ਚੱਜ ਨਾਲ ਮੁੱਢਲੀ ਜਾਣਕਾਰੀ 1996 ਵਿੱਚ ਹਬਲ ਟੈਲੀਸਕੋਪ ਦੀਆਂ ਤਸਵੀਰਾਂ ਨੇ ਦਿੱਤੀ। ਦੂਰੋਂ ਲਈਆਂ ਧੁੰਦਲੀਆਂ ਤਸਵੀਰਾਂ ਬਹੁਤਾ ਕੁਝ ਸਪਸ਼ਟ ਨਹੀਂ ਕਰ ਸਕੀਆਂ। ਇਸ ਬਰਫ਼ੀਲੇ ਬੌਣੇ ਦੀ ਅਸਲੀ ਜਾਣਕਾਰੀ ਨਿਊ ਹੋਰਾਈਜ਼ਨਜ਼ ਨਾਲ ਹੀ ਮਿਲਣੀ ਸ਼ੁਰੂ ਹੋਈ। ਉੱਨੀ ਜਨਵਰੀ 2006 ਨੂੰ ਪੈਂਹਠ ਕਰੋੜ ਅਮਰੀਕੀ ਡਾਲਰ ਦਾ ਇਹ ਪੁਲਾੜੀ ਜਹਾਜ਼ ਲਾਂਚ ਹੋਇਆ। ਇਸੇ ਸਾਲ ਦੇ ਮੁੱਕਦੇ ਮੁੱਕਦੇ ਪਲੂਟੋ ਨੂੰ ਗ੍ਰਹਿ ਦੀ ਥਾਂ ਬੌਣਾ ਗ੍ਰਹਿ ਬਣਾਉਣ ਦਾ ਐਲਾਨ ਹੋ ਗਿਆ। ਅਠਤਾਲੀ ਹਜ਼ਾਰ ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਉੱਤੇ ਇਹ ਧਰਤੀ ਤੋਂ ਉੱਡਿਆ ਅਤੇ ਨੌਂ ਘੰਟੇ ਵਿੱਚ ਹੀ ਚੰਦ ਨੂੰ ਪਾਰ ਕਰ ਗਿਆ। ਅਪੋਲੋ ਨੂੰ ਚੰਦ ਕੋਲ ਜਾਂਦਿਆਂ ਲਗਪਗ ਤਿੰਨ ਦਿਨ ਲੱਗ ਗਏ ਸਨ। ਪਲੂਟੋ ਤਕ ਜਾਂਦੇ ਜਾਂਦੇ ਇਸ ਜਹਾਜ਼ ਦੀ ਰਫ਼ਤਾਰ ਹੋਰ ਵਧਣੀ ਸੀ। ਗੱਡੀ ਚੜ੍ਹਨ ਦੀ ਕਾਹਲ ਬੜੀ ਸੀ। 1989 ਤੋਂ ਸੂਰਜ ਦੀ ਪਰਿਕਰਮਾ ਕਰਦਾ ਪਲੂਟੋ ਦੂਰ ਹੀ ਦੂਰ ਹੋ ਰਿਹਾ ਸੀ। ਬਹੁਤੀ ਦੇਰ ਹੋ ਜਾਂਦੀ ਤਾਂ ਪਲੂਟੋ ਨੇ ਬਿਲਕੁਲ ਬਰਫ਼ ਬਣ ਜਾਣਾ ਸੀ। ਇਸ ਦਾ ਦਿਨ ਦਾ ਤਾਪਮਾਨ ਪਹਿਲਾਂ ਹੀ ਮਨਫ਼ੀ 223 ਸੀ। ਵਿਗਿਆਨੀ ਚਾਹੁੰਦੇ ਸਨ ਕਿ 2020 ਤੋਂ ਪਹਿਲਾਂ ਨਿਊ ਹੋਰਾਈਜ਼ਨਜ਼ ਪਲੂਟੋ ਦੀ ਖ਼ਬਰਸਾਰ ਲੈ ਲਵੇ। ਉਸ ਪਿੱਛੋਂ ਪਲੂਟੋ ਦੀ ਧਰਤ ਤਾਂ ਕੀ ਸਾਰਾ ਵਾਯੂਮੰਡਲ ਹੀ ਅਜਿਹਾ ਬਰਫ਼ੀਲਾ ਗੋਲਾ ਬਣ ਜਾਣਾ ਸੀ ਕਿ ਇਸ ਵਿੱਚ ਝਾਤੀ ਮਾਰਨ ਨੂੰ ਕੁਝ ਨਹੀਂ ਸੀ ਬਚਣਾ। ਇਹ ਸਥਿਤੀ 248 ਸਾਲ ਦੀ ਇਸ ਪਰਿਕਰਮਾ ਦੇ ਖਾਸੇ ਲੰਮੇ ਅਰਸੇ ਤਕ ਬਣੀ ਰਹਿੰਦੀ ਹੈ। ਅਗਲਾ ਮੌਕਾ ਦਹਾਕਿਆਂ ਬੱਧੀ ਨਹੀਂ ਸੀ ਮਿਲਣਾ। ਨਿਊ ਹੋਰਾਈਜ਼ਨਜ਼ ਉੱਤੇ ਸੱਤ ਉਪਕਰਨ ਸਨ। ਤਿੰਨ ਪ੍ਰਕਾਸ਼ ਉਪਕਰਨ, ਇੱਕ ਪਲਾਜ਼ਮਾ ਉਪਕਰਨ, ਇੱਕ ਧੂੜ ਸੈਂਸਰ ਤੇ ਇੱਕ ਰੇਡੀਓ ਸਾਇੰਸ ਉਪਕਰਨ। ਇਨ੍ਹਾਂ ਦਾ ਉਦੇਸ਼ ਪਲੂਟੋ ਦੇ ਵਾਯੂਮੰਡਲ ਦੀਆਂ ਵੱਖ ਵੱਖ ਤਹਿਆਂ ਅਤੇ ਇਸ ਦੀ ਧਰਤੀ ਦੀ ਮਿੱਟੀ/ ਚੱਟਾਨਾਂ ਦੀ ਬਣਤਰ, ਤੱਤ, ਤਾਪਮਾਨ, ਦਬਾਅ ਪਤਾ ਕਰਨਾ ਸੀ। ਪਲੂਟੋ ਦੇ ਵੱਖ ਵੱਖ ਚੰਦਾਂ ਬਾਰੇ ਵੀ ਅਜਿਹੇ ਹੀ ਵੇਰਵੇ ਜਾਣਨਾ ਇਸ ਦਾ ਉਦੇਸ਼ ਸੀ। ਵਿਗਿਆਨਕ ਉਦੇਸ਼ਾਂ ਦੇ ਨਾਲ ਨਾਲ ਇਸ ਜਹਾਜ਼ ਨੇ ਦੂਰ ਪੁਲਾੜ ਵਿੱਚ ਮਨੁੱਖ ਦੀ ਪੈੜ ਉਲੀਕਣ ਦਾ ਯਤਨ ਵੀ ਕੀਤਾ। ਇਸ ਜਹਾਜ਼ ਵਿੱਚ ਧਰਤੀ ਉਤਲੇ ਮਨੁੱਖੀ ਸੱਭਿਆਚਾਰ ਦੀਆਂ ਪ੍ਰਤੀਨਿਧ ਕਲਾਤਮਿਕ ਵਸਤਾਂ, ਅਮਰੀਕੀ ਝੰਡਾ, ਪਲੂਟੋ ਦੀ ਦੱਸ ਪਾਉਣ ਵਾਲੇ ਮਰਹੂਮ ਕਲਾਈਡ ਟਾਮਬਾਗ ਦੀ ਤੀਹ ਗਰਾਮ ਰਾਖ ਤੇ ਲਗਪਗ ਸਵਾ ਚਾਰ ਲੱਖ ਲੋਕਾਂ ਦੇ ਨਾਵਾਂ ਦੀ ਸੀਡੀ ਭੇਜੀ ਗਈ। ਨਾਸਾ ਵਾਸਤੇ ਇਹ ਜਹਾਜ਼ ਜੌਹਨ ਹਾਪਕਿਨਜ਼ ਯੂਨੀਵਰਸਿਟੀ ਦੀ ਮੇਰੀਲੈਂਡ ਦੀ ਅਪਲਾਈਡ ਸਾਇੰਸ ਲੈਬ ਨੇ ਡਿਜ਼ਾਈਨ ਕੀਤਾ ਸੀ। ਤਾਜ਼ਾ ਤਸਵੀਰਾਂ ਨੇ ਦੱਸਿਆ ਹੈ ਕਿ ਪਲੂਟੋ ਉੱਤੇ ਸਾਢੇ ਤਿੰਨ-ਤਿੰਨ ਕਿਲੋਮੀਟਰ ਉੱਚੇ ਪਹਾੜਾਂ ਦੀ ਲੜੀ ਹੈ। ਐਵਰੈਸਟ ਫ਼ਤਹਿ ਕਰਨ ਵਾਲੇ ਤੇਨਜ਼ਿੰਗ ਨਾਰਗੇ ਦੇ ਨਾਂ ਉੱਤੇ ਇਸ ਪਰਬਤ ਲੜੀ ਨੂੰ ਨਾਰਗੇ ਮੌਂਟਸ ਦਾ ਨਾਂ ਦਿੱਤਾ ਗਿਆ ਹੈ। ਇਸ ਬੌਣੇ ਗ੍ਰਹਿ ਦੀ ਧਰਤੀ ਉੱਤੇ ਚੱਟਾਨ ਵਾਂਗ ਜੰਮੀ ਬਰਫ਼ ਦੇ ਵਿਸ਼ਾਲ ਖਿੱਤੇ ਹਨ। ਪਲੂਟੋ ਉੱਤੇ ਕਿਊਪਰ ਬਸਤੀ ਵਿੱਚੋਂ ਭਾਂਤ ਭਾਂਤ ਦੇ ਵੱਡੇ ਪਿੰਡ ਡਿੱਗਦੇ ਰਹਿੰਦੇ ਹਨ। ਇਸ ਉੱਤੇ ਪੱਕੇ ਰੂਪ ਵਿੱਚ ਕੋਈ ਖੱਡੇ/ਟੋਏ ਉਨ੍ਹਾਂ ਨਾਲ ਬਣੇ ਜ਼ਰੂਰ ਹੋਣਗੇ, ਪਰ ਉਹ ਬਚੇ ਨਹੀਂ। ਪਲੂਟੋ ਦੀ ਹਿਲਜੁਲ ਨੇ ਉਹ ਭਰ ਦਿੱਤੇ ਹਨ। ਤਸਵੀਰਾਂ ਵਿੱਚ ਚੈਰੋਨ ਉੱਤੇ ਲੰਮਾ ਚੌੜਾ ਚੀਰ ਵੇਖਿਆ ਗਿਆ ਹੈ ਜੋ ਦੂਰ ਤਕ ਫੈਲਿਆ ਹੋਇਆ ਹੈ। ਚੈਰੋਨ ਉੱਤੇ ਡਿੱਗੇ ਪੁਲਾੜੀ ਪਿੰਡਾਂ ਨਾਲ ਬਣੇ ਦੋ ਤਿੰਨ ਡੂੰਘੇ ਟੋਏ ਦੇਖੇ ਗਏ ਹਨ। ਨਿਊ ਹੋਰਾਈਜ਼ਨਜ਼ ਪੁਲਾੜੀ ਮਿਸ਼ਨ 2020 ਤਕ ਕਿਊਪਰ ਬਸਤੀ ਦੀ ਫਰੋਲਾ ਫਰਾਲੀ ਕਰ ਕੇ ਇਸ ਦੂਰ-ਦੁਰਾਡੇ ਖਿੱਤੇ ਬਾਰੇ ਕਾਫ਼ੀ ਕੁਝ ਨਵਾਂ ਦੱਸੇਗਾ। ਵਿਸ਼ਵ ਪ੍ਰਸਿੱਧ ਵਿਗਿਆਨੀ ਸਟੀਫਨ ਹਾਕਿੰਗ ਨੇ ਇਸ ਜਹਾਜ਼ ਦੀ ਨਿਰਮਾਤਾ/ ਖੋਜੀ ਟੀਮ ਨੂੰ ਮੁਬਾਰਕ ਦਿੰਦਿਆਂ ਕਿਹਾ ਹੈ ਕਿ ਇਸ ਨਾਲ ਸਾਨੂੰ ਆਪਣੇ ਸੂਰਜ ਪਰਿਵਾਰ ਦੇ ਬਣਨ ਦੀ ਪ੍ਰਕਿਰਿਆ ਦੀ ਚੰਗੇਰੀ ਸਮਝ ਹੋਵੇਗੀ।

ਡਾ. ਕੁਲਦੀਪ ਸਿੰਘ ਧੀਰ

ਸਾਡੇ ਸੂਰਜ ਪਰਿਵਾਰ ਦੇ ਸਾਂਝੇ ਵਿਹੜੇ ਵਿੱਚ ਧਰਤੀ ਦੇ ਵੱਡੇ ਨਿੱਕੇ ਭਾਈਬੰਦਾਂ ਵਿੱਚ ਬ੍ਰਹਿਸਪਤੀ, ਸ਼ਨੀ, ਯੂਰੇਨਸ, ਨੈਪਚੂਨ ਤੇ ਪਲੂਟੋ ਦੂਰ ਤਕ ਆਪਣੇ ਪਰਿਵਾਰਾਂ ਸਮੇਤ ਸਜੇ ਹੋਏ ਹਨ। ਉਹ ਆਪ ਹਨ, ਉਨ੍ਹਾਂ ਦੇ ਉਪਗ੍ਰਹਿ ਯਾਨੀ ਚੰਨ ਹਨ। ਸਭ ਤੋਂ ਦੂਰੇਡਾ ਪਰਿਵਾਰ ਪਲੂਟੋ ਦਾ ਹੈ ਜੋ ਸੂਰਜ ਪਰਿਵਾਰ ਦਾ ਸਾਡਾ ਨੌਵਾਂ ਸਾਥੀ ਸੀ।

ਸਭ ਤੋਂ ਦੂਰੇਡਾ ਗ੍ਰਹਿ। ਦੋ ਸਾਲ ਪਹਿਲਾਂ ਯਾਨੀ ਇਸ ਦੇ ਲੱਭਣ ਤੋਂ ਪਚਾਸੀ ਸਾਲ ਪਿੱਛੋਂ ਇਸ ਉੱਤੇ ਧਰਤੀ ਵਾਲਿਆਂ ਨੇ ਨੇੜਿਓਂ ਝਾਤੀ ਮਾਰੀ। ਅੱਠ ਨੌਂ ਸਾਲ ਪਹਿਲਾਂ ਇਸ ਵਿਚਾਰੇ ਨੂੰ ਬੌਣਾ ਕਹਿ ਕੇ ਇਸ ਪਰਿਵਾਰ ਵਿੱਚੋਂ ਜਿਵੇਂ ਛੇਕ ਹੀ ਦਿੱਤਾ ਗਿਆ। ਪਲੈਨੈੱਟ ਦੀ ਥਾਂ ਇਸ ਨੂੰ ਡਵਾਰਫ ਪਲੈਨੈੱਟ ਦਾ ਨਾਂ ਦਿੱਤਾ ਗਿਆ। 14 ਜੁਲਾਈ 2015 ਨੂੰ ਨਿਊ ਹੋਰਾਈਜ਼ਨਜ਼ ਨਾਂ ਦਾ ਪੁਲਾੜੀ ਜਹਾਜ਼ ਤੇਜ਼ੀ ਨਾਲ ਇਸ ਦੇ ਨੇੜਿਓਂ ਲੰਘਿਆ। ਇਹ ਦੂਰ ਤੋਂ ਇਸ ਦੀਆਂ ਤਸਵੀਰਾਂ ਪਹਿਲਾਂ ਹੀ ਲੈ ਰਿਹਾ ਸੀ। ਤਿੰਨ ਮਿੰਟ ਵਿੱਚ ਇਸ ਨੇ ਖਾਸੀ ਨੇੜਿਓਂ ਇਸ ਦੀਆਂ ਤਸਵੀਰਾਂ ਲਈਆਂ। ਇਹ ਸੋਲਾਂ ਮਹੀਨੇ ਪਲੂਟੋ ਬਾਰੇ ਭਾਂਤ ਭਾਂਤ ਦੀ ਜਾਣਕਾਰੀ ਸਾਨੂੰ ਭੇਜਦਾ ਰਿਹਾ।

ਵਿਹੜੇ ਦੇ ਬਾਹਰ ਕਿਊਪਰ ਪੱਟੀ ਵਿੱਚ ਅਣਗਿਣਤ ਨਿੱਕੇ ਵੱਡੇ ਬਰਫ਼ਾਨੀ ਬੌਣੇ ਤੇ ਪੁਲਾੜੀ ਪਿੰਡ ਪਸਰੇ ਹੋਏ ਹਨ। ਪੁਲਾੜੀ ਜਹਾਜ਼ ਉਨ੍ਹਾਂ ਦੀ ਖੋਜ ਖ਼ਬਰ ਲੈਣ ਲੱਗਿਆ। ਇਸ ਨੂੰ ਇਨ੍ਹਾਂ ਵਿੱਚੋਂ ਕੁਝ ਕੁ ਉੱਤੇ ਵਿਸ਼ੇਸ਼ ਨਜ਼ਰਸਾਨੀ ਦੀਆਂ ਹਦਾਇਤਾਂ ਸਨ। ਇਨ੍ਹਾਂ ਦੀ ਪਾਲਣਾ ਲਈ ਫਰਵਰੀ 2017 ਵਿੱਚ ਇਸ ਦੇ ਰਾਹ ਵਿੱਚ ਸੋਧ ਕੀਤੀ ਗਈ। ਹੁਣ ਇਹ 2020 ਤਕ ਵਿਹੜੇ ਦੇ ਪਾਰ ਕਿਊਪਰ ਬਸਤੀ ਦੀ ਖ਼ਬਰਸਾਰ ਲਵੇਗਾ ਤੇ ਫਿਰ ਇਸ ਤੋਂ ਪਾਰ ਅਸੀਮ ਪੁਲਾੜ ਵਿੱਚ ਜਿੱਥੋਂ ਤਕ ਜਿਉਂਦਾ ਰਿਹਾ ਤੁਰਿਆ ਜਾਵੇਗਾ।

ਨਿਊ ਹੋਰਾਈਜ਼ਨਜ਼ 2006 ਵਿੱਚ ਲਾਂਚ ਕੀਤਾ ਗਿਆ। ਇਸ ਨੇ ਨੌਂ ਸਾਲ ਦੀ ਲੰਮੀ ਯਾਤਰਾ ਪਲੂਟੋ ਨੇੜਿਓਂ 58,000 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਉੱਤੇ ਸ਼ੂੰ ਕਰਕੇ ਲੰਘਣ ਲਈ ਕੀਤੀ।

ਚਾਰ ਅਰਬ ਅੱਸੀ ਕਰੋੜ ਕਿਲੋਮੀਟਰ ਦੂਰ ਦੇ ਧਰਤੀ ਦੇ ਭਰਾ ਨੂੰ ਮਿਲਣਾ ਸੌਖਾ ਨਹੀਂ ਸੀ। ਪਲੂਟੋ ਦੇ ਨਾਲ ਨਾਲ ਇਸ ਦੇ ਚੰਦ ਚੈਰੋਨ ਦੀਆਂ ਤਸਵੀਰਾਂ ਵੀ ਇਸ ਨੇ ਲਈਆਂ। ਇਸ ਤੋਂ ਪਾਰ ਇਹ ਹੁਣ ਡੇਢ ਅਰਬ ਕਿਲੋਮੀਟਰ ਤੋਂ ਵੀ ਵਿਸ਼ਾਲ ਕਿਊਪਰ ਬਸਤੀ ਦੀ ਛਾਣ-ਬੀਣ ਕਰ ਰਿਹਾ ਹੈ। ਪੰਜ ਕੁ ਸਾਲ ਬਾਅਦ ਇਹ ਬਸਤੀ ਛੱਡ ਕੇ ਅਨੰਤ ਪੁਲਾੜ ਗਾਹ ਰਹੇ ਨਾਸਾ ਦੇ ਚਾਰ ਮਹਾਂ ਪੁਲਾੜੀ ਜਹਾਜ਼ਾਂ ਵਿੱਚ ਰਲ ਜਾਵੇਗਾ। ਇਹ ਪਾਇਨੀਅਰ-10, ਪਾਇਨੀਅਰ-11, ਵਾਇਜਰ-1 ਅਤੇ ਵਾਇਜਰ-2 ਹੜ। ਨਿਊ ਹੋਰਾਈਜ਼ਨਜ਼ ਤੋਂ ਸਿਗਨਲ ਸਾਡੇ ਤਕ ਪਹੁੰਚਣ ਵਿੱਚ ਸਾਢੇ ਚਾਰ ਘੰਟੇ ਤੋਂ ਵੱਧ ਲੱਗ ਜਾਂਦੇ ਹਨ। ਪਹੁੰਚਿਆ ਸਿਗਨਲ ਇੰਨਾ ਕਮਜ਼ੋਰ ਹੁੰਦਾ ਹੈ ਕਿ



ਡਾ. ਅੰਬੇਦਕਰ ਦਾ ਸਮਤਾਵਾਦੀ ਆਰਥਿਕ ਦਰਸ਼ਨ

**ਅੰਬੇਦਕਰ ਨੇ ਜਿਨ੍ਹਾਂ ਤਿੰਨ ਮੁੱਦਿਆਂ ਉਪਰ ਆਪਣੀ ਬੌਧਿਕ ਊਰਜਾ ਨੂੰ ਕੇਂਦਰਿਤ ਕੀਤਾ, ਉਹ ਸੀ: ਅਰਥ-ਵਿਵਸਥਾ ਵਿੱਚ ਪੈਸਿਆਂ ਦਾ ਲੈਣ-ਦੇਣ, ਵਿਆਪਕ ਖੇਤੀ ਰਣਨੀਤੀ ਦੇ ਹਿੱਸੇ ਦੇ

ਸੰਪਾਦਕੀ

ਕੇਂਦਰੀ ਗ੍ਰਹਿ ਮੰਤਰੀ ਵੱਲੋਂ ਪੇਸ਼ ਕੀਤੇ ਗਏ ਨੁਕਸਦਾਰ ਬਿਲਾਂ 'ਤੇ ਹੰਗਾਮਾ

ਬੀਤੇ ਦਿਨੀਂ ਅਮਿਤ ਸ਼ਾਹ ਵੱਲੋਂ ਤਿੰਨ ਬਿਲ ਲੋਕ ਸਭਾ ਵਿੱਚ ਪੇਸ਼ ਕਰਨ ਸਾਰ ਹੰਗਾਮਾ ਹੋ ਗਿਆ ਜਿਸ ਤੋਂ ਕਿਸੇ ਨੂੰ ਹੈਰਾਨੀ ਨਹੀਂ ਹੋਈ। ਵਿਰੋਧੀ ਧਿਰ ਨੇ ਇਨ੍ਹਾਂ ਬਿਲਾਂ ਨੂੰ ਖੌਫ਼ਨਾਕ, ਗ਼ੈਰ-ਸੰਵਿਧਾਨਕ ਅਤੇ ਭਟਕਾਊ ਕਰਾਰ ਦਿੰਦਿਆਂ ਇਨ੍ਹਾਂ ਦੀਆਂ ਧੱਜੀਆਂ ਉਡਾ ਕੇ ਰੱਖ ਦਿੱਤੀਆਂ। ਇਸ ਵਿੱਚ ਕੋਈ ਸੰਦੇਹ ਵਾਲੀ ਗੱਲ ਨਹੀਂ ਕਿ ਕੇਂਦਰ ਅਤੇ ਸੂਬਾਈ ਸਰਕਾਰਾਂ ਦੇ ਮੰਤਰੀਆਂ ਜਿਨ੍ਹਾਂ ਵਿੱਚ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਵੀ ਸ਼ਾਮਿਲ ਹਨ, ਦਾ ਆਚਰਨ ਹਰ ਤਰ੍ਹਾਂ ਦੇ ਸ਼ੱਕ-ਸ਼ੁਬਹੇ ਤੋਂ ਪਰ੍ਹੇ ਹੋਣਾ ਚਾਹੀਦਾ ਹੈ। ਉਂਝ, ਇਨ੍ਹਾਂ ਬਿਲਾਂ ਦੀਆਂ ਕੁਝ ਮੱਦਾਂ ਦੇ ਬਹੁਤ ਖ਼ਤਰਨਾਕ ਸਿੱਟੇ ਨਿਕਲ ਸਕਦੇ ਹਨ; ਮਸਲਨ, ਜੇ ਕਿਸੇ ਮੰਤਰੀ ਨੂੰ ਕਿਸੇ ਅਜਿਹੇ ਅਪਰਾਧ ਜਿਸ ਦੀ ਸਜ਼ਾ ਘੱਟੋ-ਘੱਟ ਪੰਜ ਸਾਲ ਹੋਵੇ, ਦੇ ਸਬੰਧ ਵਿੱਚ ਲਗਾਤਾਰ 30 ਦਿਨ ਜੇਲ੍ਹ ਵਿਚ ਰਹਿਣਾ ਪਵੇ, ਉਸ ਨੂੰ ਅਹੁਦੇ ਤੋਂ ਹਟਾਇਆ ਜਾਵੇਗਾ। ਇਸ ਤਰ੍ਹਾਂ ਦਾ ਉਪਬੰਧ ਪਾਰਲੀਮਾਨੀ ਲੋਕਰਾਜ ਅਤੇ ਸੰਵਿਧਾਨਕ ਸੰਘਵਾਦ ਦੀ ਧੁਰੀ ਉੱਪਰ ਸੱਟ ਮਾਰਦਾ ਹੈ। ਹੁਣ ਇਹ ਬਿਲ ਦੋਵੇਂ ਸਦਨਾਂ ਦੀ ਸਾਂਝੀ ਕਮੇਟੀ ਕੋਲ ਭੇਜ ਦਿੱਤੇ ਗਏ ਹਨ। ਇਸ ਦਾ ਨੁਕਸ ਇਹ ਹੈ ਕਿ ਇਸ ਵਿੱਚ ਮੁਕੱਦਮਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਗ੍ਰਿਫ਼ਤਾਰੀ ਜਾਂ ਹਿਰਾਸਤ ਹੋਣ ਸਾਰ ਸਬੰਧਿਤ ਵਿਅਕਤੀ ਦਾ ਗੁਨਾਹ ਮੰਨ ਲਿਆ ਜਾਂਦਾ ਹੈ। ਕੇਂਦਰੀ ਜਾਂਚ ਏਜੰਸੀਆਂ ਜਿਵੇਂ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਅਤੇ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੇ ਸਬੰਧ ਵਿੱਚ ਇਹ ਕਾਫ਼ੀ ਸਮੱਸਿਆ ਵਾਲਾ ਹੈ, ਜੋ ਕਥਿਤ ਤੌਰ 'ਤੇ ਅਧਿਕਾਰਾਂ ਦੇ ਉਲੰਘਣ ਲਈ ਨਿਆਂਇਕ ਜਾਂਚ ਦੇ ਘੇਰੇ ਵਿੱਚ ਹਨ। ਪਿਛਲੇ ਸਾਲ ਦਿੱਲੀ ਦੇ ਤਤਕਾਲੀ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਸ਼ਰਾਬ ਨੀਤੀ 'ਘੁਟਾਲੇ' ਨਾਲ ਸਬੰਧਿਤ ਕੇਸ ਵਿੱਚ ਅੰਤਰਿਮ ਜ਼ਮਾਨਤ ਦਿੰਦੇ ਹੋਏ, ਸੁਪਰੀਮ ਕੋਰਟ ਦੇ ਜਸਟਿਸ ਉੱਜਲ ਭੂਈਆਂ ਨੇ ਕਿਹਾ ਸੀ: ਇਹ ਜ਼ਰੂਰੀ ਹੈ ਕਿ ਸੀਬੀਆਈ ਪਿੰਜਰੇ ਵਿੱਚ ਬੰਦ ਤੋਤੇ ਵਾਲੀ ਧਾਰਨਾ ਨੂੰ ਖ਼ਤਮ ਕਰੇ। ਹਾਲ ਹੀ ਵਿੱਚ ਸੁਪਰੀਮ ਕੋਰਟ ਨੇ ਈਡੀ ਨੂੰ ਕਿਹਾ ਕਿ ਉਸ ਨੂੰ ਕਿਸੇ 'ਬਦਮਾਸ਼' ਵਾਂਗ ਕੰਮ ਨਹੀਂ ਕਰਨਾ ਚਾਹੀਦਾ। ਅਜਿਹੀਆਂ ਸਖ਼ਤ ਟਿੱਪਣੀਆਂ ਨੇ ਇਨ੍ਹਾਂ ਪ੍ਰਮੁੱਖ ਏਜੰਸੀਆਂ ਦੀ ਭਰੋਸੇਯੋਗਤਾ ਨੂੰ ਨੁਕਸਾਨ ਪਹੁੰਚਾਇਆ ਹੈ, ਇੱਥੋਂ ਤੱਕ ਕਿ ਵਿਰੋਧੀ ਪਾਰਟੀਆਂ ਨੇ ਵੀ ਕੇਂਦਰ ਉੱਤੇ ਇਨ੍ਹਾਂ ਦੀ ਦੁਰਵਰਤੋਂ ਕਰਨ ਦਾ ਦੋਸ਼ ਕਈ ਵਾਰ ਲਾਇਆ ਹੈ। ਸੰਯੁਕਤ ਕਮੇਟੀ ਲਈ ਬਿੱਲਾਂ 'ਤੇ ਸਹਿਮਤੀ ਬਣਾਉਣੀ ਮੁਸ਼ਕਿਲ ਹੋਵੇਗੀ, ਜਿਸ ਵਿੱਚ ਢੁਕਵੀਂ ਜਾਂਚ-ਪੜਤਾਲ ਅਤੇ ਸੰਤੁਲਨ ਦਾ ਹੋਣਾ ਜ਼ਰੂਰੀ ਹੈ। ਇਹ ਯਕੀਨੀ ਬਣਾਉਣ ਲਈ ਵੱਖ-ਵੱਖ ਢੰਗ-ਤਰੀਕਿਆਂ 'ਤੇ ਗੰਭੀਰਤਾ ਨਾਲ ਗ਼ੌਰ ਕਰਨ ਦੀ ਸਖ਼ਤ ਲੋੜ ਹੈ ਕਿ ਗ਼ਲਤੀ ਕਰਨ ਵਾਲੇ ਮੰਤਰੀ ਆਪਣੀਆਂ ਕੁਰਸੀਆਂ ਨਾਲ ਨਾ ਚਿੰਬੜੇ ਰਹਿਣ। ਉਨ੍ਹਾਂ ਦੇ ਦੋਸ਼ ਜਾਂ ਬੇਗੁਨਾਹੀ ਨੂੰ ਸਾਬਿਤ ਕਰਨ ਲਈ ਨਿਰਪੱਖ, ਸਮਾਂਬੱਧ ਜਾਂਚ ਅਤੇ ਤੇਜ਼ੀ ਨਾਲ ਸੁਣਵਾਈ ਜ਼ਰੂਰੀ ਹੈ। ਰਾਜਨੀਤੀ ਵਿੱਚ ਨੈਤਿਕਤਾ ਕਾਇਮ ਰੱਖਣ ਲਈ ਮਜ਼ਬੂਤ ਕਾਨੂੰਨੀ ਢਾਂਚਾ ਲੋੜੀਂਦਾ ਹੈ: ਇਹ ਮਹਿਜ਼ ਸ਼ੱਕ ਜਾਂ ਸਿਆਸੀ ਬਦਲਾਖੋਰੀ 'ਤੇ ਆਧਾਰਿਤ ਨਹੀਂ ਹੋਣਾ ਚਾਹੀਦਾ।

ਸੁਪਰੀਮ ਕੋਰਟ ਵੱਲੋਂ ਨਾਕਸ ਟੌਲ ਨੀਤੀ ਉੱਪਰ ਸਖ਼ਤ ਫਿਟਕਾਰ

ਨਾਕਸ ਟੌਲ ਨੀਤੀ ਉੱਪਰ ਸਖ਼ਤ ਫਿਟਕਾਰ ਲਾਉਂਦੇ ਹੋਏ ਸੁਪਰੀਮ ਕੋਰਟ ਨੇ ਕੇਰਲਾ ਹਾਈ ਕੋਰਟ ਦੇ ਉਸ ਹੁਕਮ ਨੂੰ ਬਰਕਰਾਰ ਰੱਖਿਆ ਹੈ ਜਿਸ ਵਿੱਚ ਰਾਜਮਾਰਗ ਦੀ ਮਾੜੀ ਦੇਖ-ਭਾਲ ਵਾਲੇ ਹਿੱਸੇ ਉੱਪਰ ਟੌਲ ਦੀ ਵਸੂਲੀ ਨੂੰ ਮੁਲਤਵੀ ਕਰ ਦਿੱਤਾ ਗਿਆ ਸੀ। ਹਾਈ ਕੋਰਟ ਨੇ ਫ਼ੈਸਲਾ ਸੁਣਾਇਆ ਸੀ ਕਿ ਨਾਗਰਿਕਾਂ ਨੂੰ ਟੋਇਆਂ ਅਤੇ ਵਾਹਨਾਂ ਦੇ ਘੜਮੱਸ 'ਚੋਂ ਕੇ ਲੰਘਣ ਬਦਲੇ ਟੌਲ ਭੁਗਤਾਨ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਚੀਫ ਜਸਟਿਸ ਬੀਆਰ ਗਵਈ ਦੀ ਅਗਵਾਈ ਵਾਲੇ ਸੁਪਰੀਮ ਕੋਰਟ ਦੇ ਬੈਂਚ ਨੇ ਅਧਿਕਾਰੀਆਂ ਨੂੰ ਚੇਤੇ ਕਰਾਇਆ ਹੈ ਕਿ ਟੌਲ ਲਾਉਣ ਦਾ ਵਾਜਿਬ ਆਧਾਰ ਮਾਲੀਆ ਉਗਰਾਹੀ ਨਹੀਂ ਸਗੋਂ ਜਨਤਕ ਸੇਵਾ ਹੁੰਦਾ ਹੈ। ਨਾਲ ਹੀ ਉਨ੍ਹਾਂ ਨੇ ਚੋਭ ਲਾਉਣ ਵਾਲਾ ਇਹ ਸਵਾਲ ਵੀ ਪੁੱਛਿਆ, ਜੇ ਕਿਸੇ ਸ਼ਖ਼ਸ ਨੂੰ ਸੜਕ ਦੇ ਇੱਕ ਟਿਕਾਣੇ ਤੋਂ ਦੂਜੇ ਟਿਕਾਣੇ ਤੱਕ ਅੱਪੜਨ ਲਈ 12 ਘੰਟੇ ਲੱਗਦੇ ਹਨ ਤਾਂ ਉਸ ਨੂੰ 150 ਰੁਪਏ ਦਾ ਟੌਲ ਭੁਗਤਾਨ ਕਿਉਂ ਕਰਨਾ ਚਾਹੀਦਾ ਹੈ? ਪੰਜਾਬ ਵਿੱਚ ਨੈਸ਼ਨਲ ਹਾਈਵੇਅ ਅਥਾਰਿਟੀ ਆਫ ਇੰਡੀਆ (ਐੱਨਐੱਚਏਆਈ) ਨੂੰ ਬੁਨਿਆਦੀ ਢਾਂਚੇ ਦੀਆਂ ਖ਼ਾਮੀਆਂ ਨੂੰ ਲੈ ਕੇ ਵਿਧਾਇਕਾਂ ਅਤੇ ਨਿਗਰਾਨ ਸੰਸਥਾਵਾਂ ਦੇ ਸਵਾਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਾਈਵੇਅ ਅਧਿਕਾਰੀਆਂ ਨੂੰ ਐਲੀਵੇਟਿਡ ਰਾਜਮਾਰਗਾਂ (ਫਲਾਈਓਵਰਾਂ) ਜੋ ਕਈ ਥਾਈਂ ਦਸ ਫੁੱਟ ਤੱਕ ਹੋਣ ਕਰ ਕੇ ਪਾਣੀ ਦੇ ਕੁਦਰਤੀ ਵਹਾਓ ਵਿੱਚ ਵਿਘਨ ਦਾ ਸਬੱਬ ਬਣਦੇ ਹਨ, ਦੇ ਸਵਾਲਾਂ ਬਾਬਤ ਸੰਸਦੀ ਸਥਾਈ ਕਮੇਟੀ ਵੱਲੋਂ ਤਲਬ ਕੀਤਾ ਗਿਆ ਹੈ। ਇਸ ਤਰ੍ਹਾਂ ਦੀਆਂ ਉਸਾਰੀਆਂ ਨਾਲ ਮੀਂਹ ਦੇ ਪਾਣੀ ਦਾ ਵਹਾਓ ਆਪਣਾ ਰੁਖ਼ ਬਦਲ ਲੈਂਦਾ ਹੈ, ਉਪਜਾਊ ਜ਼ਮੀਨ ਨੂੰ ਖ਼ੋਰਾ ਲਾਉਂਦਾ ਹੈ ਅਤੇ ਫ਼ਸਲੀ ਉਤਪਾਦਕਤਾ ਲਈ ਖ਼ਤਰਾ ਬਣਦੀਆਂ ਹਨ। ਇਸ ਦੇ ਨਾਲ ਹੀ, ਜ਼ਮੀਨ ਦਾ ਕਬਜ਼ਾ ਨਾ ਮਿਲਣ ਕਾਰਨ ਕਈ ਜ਼ਿਲ੍ਹਾ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਅੱਗੇ ਖਿਚਾਈ ਹੋ ਰਹੀ ਹੈ। ਮੁਆਵਜ਼ੇ ਤੋਂ ਅਸੰਤੁਸ਼ਟ ਕਿਸਾਨਾਂ ਦੁਆਰਾ ਰਾਜਮਾਰਗਾਂ ਦੀ ਕਈ ਕਿਲੋਮੀਟਰ ਜ਼ਮੀਨ 'ਤੇ ਮੁੜ ਗ਼ੈਰ-ਕਾਨੂੰਨੀ ਢੰਗ ਨਾਲ ਕਬਜ਼ਾ ਕਰ ਲਿਆ ਗਿਆ ਸੀ ਜਿਸ ਕਰ ਕੇ ਦਿੱਲੀ-ਅੰਮ੍ਰਿਤਸਰ-ਕੱਟੜਾ ਐਕਸਪ੍ਰੈਸ ਮਾਰਗ ਵਰਗੇ ਕਈ ਅਹਿਮ ਲਾਂਘਿਆਂ ਦੀ ਉਸਾਰੀ ਵਿੱਚ ਦੇਰੀ ਹੋਈ। ਇਹ ਘਟਨਾਵਾਂ ਇਸ ਚਿੰਤਾਜਨਕ ਰੁਝਾਨ ਨੂੰ ਪ੍ਰਗਟ ਕਰਦੀਆਂ ਹਨ: ਉਸਾਰੀ ਵਿੱਚ ਦੇਰੀ ਅਤੇ ਲੋਕਾਂ ਦਾ ਨੁਕਸਾਨ ਕੇਵਲ ਇੰਜਨੀਅਰਿੰਗ ਦੀਆਂ ਕਮੀਆਂ ਆਦਿ ਕਰ ਕੇ ਨਹੀਂ, ਬਲਕਿ ਸ਼ਾਸਨ ਅਤੇ ਨਿਗਰਾਨੀ ਦੀਆਂ ਘਾਟਾਂ ਕਰ ਕੇ ਹੋ ਰਿਹਾ ਹੈ। ਹਲਕੇ ਮਿਆਰ ਦੀਆਂ ਸੜਕਾਂ ਰਾਹੀਂ ਜਾਂ ਟੁੱਟੇ ਅਤੇ ਭੀੜੇ ਐਕਸਪ੍ਰੈਸ ਮਾਰਗਾਂ 'ਤੇ ਟੌਲਾਂ ਰਾਹੀਂ ਮਾੜੀ ਨਿਕਾਸੀ ਜਾਂ ਵਿਵਾਦ ਵਾਲੀ ਜ਼ਮੀਨ ਗ੍ਰਹਿਣ ਨਾਲ ਵੀ, ਐੱਨਐੱਚਏਆਈ ਨੂੰ ਇਸ ਦੇ ਪ੍ਰਾਜੈਕਟਾਂ ਦੀ ਸਮਾਜਿਕ ਕੀਮਤ ਨੂੰ ਵਾਜਿਬ ਸਿੱਧ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਕੇਰਲਾ ਦਾ ਫ਼ੈਸਲਾ ਜ਼ੋਰ ਦਿੰਦਾ ਹੈ ਕਿ ਇਕੱਠੇ ਕੀਤੇ ਜਾ ਰਹੇ ਟੌਲ ਵਿੱਚੋਂ ਬਿਹਤਰ ਸੇਵਾ ਵੀ ਝਲਕਣੀ ਚਾਹੀਦੀ ਹੈ। ਪੰਜਾਬ ਦੇ ਮਾਮਲੇ ਵੀ ਬਾਕਾਇਦਾ ਪੁਸ਼ਟੀ ਕਰਦੇ ਹਨ ਕਿ ਬੁਨਿਆਦੀ ਢਾਂਚੇ ਦੀ ਯੋਜਨਾਬੰਦੀ ਵਿੱਚ ਖੇਤੀ, ਰੁਜ਼ਗਾਰਾਂ, ਵਾਤਾਵਰਨ ਸੰਤੁਲਨ ਦਾ ਧਿਆਨ ਰੱਖਿਆ ਜਾਣਾ ਜ਼ਰੂਰੀ ਹੈ। ਰਾਜਮਾਰਗ ਲੋਕਾਂ ਦੀ ਸੰਪਤੀ ਹਨ, ਨਾ ਕਿ ਮੁਨਾਫ਼ਾ ਕਮਾਉਣ ਦੇ ਰਾਹ। ਸਰਕਾਰਾਂ ਨੂੰ ਸਮਾਜਿਕ ਇਕਰਾਰਨਾਮੇ ਨੂੰ ਹਰ ਹਾਲ ਕਾਇਮ ਰੱਖਣਾ ਚਾਹੀਦਾ ਹੈ: ਸੁਰੱਖਿਅਤ ਲਾਂਘਾ ਯਕੀਨੀ ਬਣੇ, ਰੁਜ਼ਗਾਰਾਂ ਦੀ ਰਾਖੀ ਅਤੇ ਧਰਤੀ ਦਾ ਸਤਿਕਾਰ ਹੋਵੇ।

ਮਸੀਹੀ ਭਲਾਈ ਬੋਰਡ ਦੇ ਨਵੇਂ ਚੇਅਰਮੈਨ ਡੈਨੀਅਲ ਮਸੀਹ ਟਰਾਂਸਪੋਰਟਰ ਦਾ ਸੀਨੀਅਰ ਕਾਂਗਰਸੀ ਆਗੂ ਦੀਪੂ ਪਹਿਲਵਾਨ ਵੱਲੋਂ ਕੀਤਾ ਗਿਆ ਭਰਪੂਰ ਸਵਾਗਤ

ਅੰਮ੍ਰਿਤਸਰ 26 ਅਗਸਤ -ਕੌਮੀ ਪੱਤ੍ਰਿਕਾ ਬਿਊਰੋ- ਮਸੀਹੀ ਭਲਾਈ ਬੋਰਡ ਪੰਜਾਬ ਦੇ ਨਵ-ਨਿਯੁਕਤ ਚੇਅਰਮੈਨ ਡੈਨੀਅਲ ਮਸੀਹ ਟਰਾਂਸਪੋਰਟਰ ਦਾ ਸਵਾਗਤ ਕਰਦੇ ਹੋਏ ਸੀਨੀਅਰ ਕਾਂਗਰਸੀ ਆਗੂ ਦੀਪੂ ਪਹਿਲਵਾਨ ਨੇ ਕਿਹਾ ਕਿ ਇਹ ਸਿਰਫ਼ ਡੈਨੀਅਲ ਮਸੀਹ ਲਈ ਹੀ ਨਹੀਂ, ਸਗੋਂ ਪੂਰੇ ਮਸੀਹੀ ਭਾਈਚਾਰੇ ਲਈ ਮਾਣ ਦੀ ਗੱਲ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਮਸੀਹੀ ਭਾਈਚਾਰੇ ਨੂੰ ਇੱਕ ਇਮਾਨਦਾਰ, ਸਮਾਜ ਸੇਵੀ ਅਤੇ ਨਿਸ਼ਕਪਟ ਆਗੂ ਦੇ ਰੂਪ ਵਿੱਚ ਮਜ਼ਬੂਤ ਨੁਮਾਇੰਦਗੀ ਦਿੱਤੀ ਹੈ।ਦੀਪੂ ਪਹਿਲਵਾਨ ਨੇ ਅੱਗੇ ਕਿਹਾ ਕਿ ਡੈਨੀਅਲ ਮਸੀਹ ਦੀ ਪਿਛਲੀ ਲੰਬੀ ਸਮਾਜ ਸੇਵਾ, ਟਰਾਂਸਪੋਰਟ ਸੈਕਟਰ ਵਿੱਚ ਉਨ੍ਹਾਂ ਦਾ ਯੋਗਦਾਨ ਅਤੇ ਗਰੀਬ ਲੋਕਾਂ ਦੀ ਸਹਾਇਤਾ ਕਰਨ ਦੀ ਲਗਨ ਸਭ ਦੇ ਸਾਹਮਣੇ ਹੈ। ਉਹ ਹਮੇਸ਼ਾਂ ਮਸੀਹੀ ਭਾਈਚਾਰੇ ਦੀਆਂ ਸਮੱਸਿਆਵਾਂ ਨੂੰ ਸਰਕਾਰ ਅੱਗੇ ਰੱਖਦੇ ਆਏ ਹਨ ਅਤੇ ਹੁਣ ਚੇਅਰਮੈਨ ਦੇ ਅਹੁਦੇ 'ਤੇ ਬੈਠ ਕੇ ਨਿਸ਼ਚਿਤ ਤੌਰ 'ਤੇ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨਗੇ।

ਇਸ ਮੌਕੇ 'ਤੇ ਡੈਨੀਅਲ ਮਸੀਹ ਨੇ ਆਪਣਾ ਧੰਨਵਾਦ ਪ੍ਰਗਟਾਉਂਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਉਹਨਾਂ ਲਈ ਇਜ਼ਜ਼ਤ ਅਤੇ ਫ਼ਰਜ਼ ਦੋਹਾਂ ਹੈ। ਉਨ੍ਹਾਂ ਨੇ ਕਿਹਾ ਕਿ ਮਸੀਹੀ ਭਲਾਈ ਬੋਰਡ ਰਾਹੀਂ ਉਹ ਮਸੀਹੀ ਭਾਈਚਾਰੇ ਦੇ ਨੌਜਵਾਨਾਂ ਦੀ ਤਾਲੀਮ, ਰੋਜ਼ਗਾਰ, ਬੁਜ਼ੁਰਗਾਂ ਦੀ ਸਹਾਇਤਾ ਅਤੇ ਸਮਾਜ ਦੇ ਪਿੱਛੜੇ ਵਰਗਾਂ ਲਈ ਭਲਾਈ ਯੋਜਨਾਵਾਂ ਨੂੰ ਲਾਗੂ ਕਰਨ ਵਾਸਤੇ ਪੂਰੀ ਲਗਨ ਨਾਲ ਕੰਮ ਕਰਨਗੇ।

ਉਨ੍ਹਾਂ ਨੇ ਖ਼ਾਸ ਤੌਰ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਮਸੀਹੀ ਭਾਈਚਾਰੇ ਦੀਆਂ ਲੰਬੇ ਸਮੇਂ ਤੋਂ ਚੱਲਦੀਆਂ ਆ ਰਹੀਆਂ ਸਮੱਸਿਆਵਾਂ ਦਾ ਹੱਲ ਕਰਨਾ ਅਤੇ ਹਰ ਜ਼ਰੂਰਤਮੰਦ ਤੱਕ ਸਰਕਾਰੀ ਯੋਜਨਾਵਾਂ ਦੇ ਲਾਭ ਪਹੁੰਚਾਉਣਾ ਉਨ੍ਹਾਂ ਦੀ ਸਭ ਤੋਂ ਵੱਡੀ ਪ੍ਰਾਥਮਿਕਤਾ ਰਹੇਗੀ।

ਇਸ ਸਮਾਗਮ ਦੌਰਾਨ ਮੌਜੂਦ ਵਰਕਰਾਂ ਅਤੇ ਭਾਈਚਾਰੇ ਦੇ ਆਗੂਆਂ ਨੇ ਵੀ ਡੈਨੀਅਲ ਮਸੀਹ ਦੀ ਤਾਜ਼ਾ ਨਿਯੁਕਤੀ ਨੂੰ ਮਸੀਹੀ ਸਮਾਜ ਲਈ ਵੱਡੀ ਜਿੱਤ ਕਰਾਰ ਦਿੰਦਿਆਂ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਨਾਲ ਖੜ੍ਹੇ ਰਹਿਣ ਦਾ ਭਰੋਸਾ ਦਵਾਇਆ। ਇਸ ਮੌਕੇ ਵਿਸ਼ਾਲ ਡੋਗਰਾ,ਗੁਰਦੇਵ ਸਿੰਘ ਪਿੰਟਾ,ਸੁਨੀਲ ਸਾਈ, ਪੀਟਰ ਮਸੀਹ, ਐਰਿਕ ਖੋਖਰ, ਬੰਤਾ ਪ੍ਰਧਾਨ, ਲਾਲੀ ਸ਼ੁੱਭ ਆਦਿ ਹਾਜਰ ਸਨ।

ਹਜ਼ਰਤ ਹਲੀਮਾ ਹਸਪਤਾਲ ਵੱਲੋਂ ਦਵਾਈਆਂ ਦੀ ਖਰੀਦ ਤੇ ਨਵਾਂ ਹੁਕਮ ਜਾਰੀ

ਮਲੇਰਕੋਟਲਾ, 26 ਅਗਸਤ -ਕੌਮੀ ਪੱਤ੍ਰਿਕਾ ਬਿਊਰੋ- ਪੰਜਾਬ ਵਕਫ ਬੋਰਡ ਦੇ ਪ੍ਰਬੰਧਾਂ ਅਧੀਨ ਚਲਦੇ ਹਜ਼ਰਤ ਹਲੀਮਾ ਹਸਪਤਾਲ ਮਾਲੇਰਕੋਟਲਾ ਵੱਲੋਂ ਦਵਾਈਆਂ ਦੀ ਖਰੀਦ ਸੰਬੰਧੀ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਨਵੇਂ ਹੁਕਮ ਅਨੁਸਾਰ ਹੁਣ ਹਸਪਤਾਲ ਅੰਦਰ ਦਵਾਈਆਂ ਦੀ ਖਰੀਦਦਾਰੀ ਸਿਰਫ਼ ਹਸਪਤਾਲ ਦੀ ÷ਪਰਚੇਜ਼ ਕਮੇਟੀ÷ ਰਾਹੀਂ ਹੀ ਕੀਤੀ ਜਾਵੇਗੀ। ਕੋਈ ਹੋਰ ਵਿਭਾਗ ਜਾਂ ਕਰਮਚਾਰੀ ਆਪਣੇ ਤੌਰ 'ਤੇ ਦਵਾਈਆਂ ਨਹੀਂ ਖਰੀਦ ਸਕੇਗਾ।

ਹਸਪਤਾਲ ਪ੍ਰਬੰਧਕੀ ਕਮੇਟੀ ਦੇ ਐਮ ਡੀ ਐਡਵੋਕੇਟ ਸ਼ਮਸ਼ਾਦ ਅਲੀ ਅਤੇ ਕਮੇਟੀ ਇੰਚਾਰਜ ਸ਼ਹਿਬਾਜ਼ ਰਾਣਾ ਵੱਲੋਂ ਜਾਰੀ ਨਿਰਦੇਸ਼ਾਂ ਅਨੁਸਾਰ, ਡਾਕਟਰਾਂ ਨੂੰ ਸਖ਼ਤ ਤੌਰ 'ਤੇ ਸਲਾਹ ਦਿੱਤੀ ਗਈ ਹੈ ਕਿ ਉਹ ਮਰੀਜ਼ਾਂ ਲਈ ਦਿੱਤੀਆਂ ਜਾਣ ਵਾਲੀਆਂ ਪਰਚੀਆਂ ਜਾਂ ਸਲਿੱਪਾਂ 'ਤੇ ਦਵਾਈਆਂ ਦੇ ਬ੍ਰਾਂਡ ਦਾ ਨਾਮ ਨਾ ਲਿਖਣ ਬਲਕਿ ਇਸ ਦੀ ਬਜਾਏ ਉਨ੍ਹਾਂ ਨੂੰ ਸਿਰਫ਼ ਦਵਾਈਆਂ ਦੇ ÷ਸਾਲਟ ਨਾਮ (Generic Name) ਲਿਖਣੇ ਲਾਜ਼ਮੀ ਹੋਣਗੇ। ਇਸ ਕਦਮ ਦਾ ਮਕਸਦ ਖਰੀਦ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਲਿਆਉਣਾ, ਪੱਖਪਾਤ ਤੋਂ ਰਹਿਤ ਖਰੀਦ ਨੂੰ ਯਕੀਨੀ ਬਣਾਉਣਾ ਅਤੇ ਹਸਪਤਾਲ ਦੀਆਂ ਨੀਤੀਆਂ ਨਾਲ ਮੇਲ ਬੈਠਾਉਣਾ ਹੈ।

ਪ੍ਰਬੰਧਕੀ ਕਮੇਟੀ ਮੈਂਬਰਾਂ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਸਾਰੀ ਖਰੀਦ-ਪ੍ਰਕਿਰਿਆ ਸਰਕਾਰੀ ਨਿਯਮਾਂ ਅਤੇ ਸੰਬੰਧਿਤ ਅਧਿਕਾਰਤ ਕਮੇਟੀ ਵੱਲੋਂ ਤੈਅ ਕੀਤੇ ਨਿਯਮਾਂ ਅਨੁਸਾਰ ਹੀ ਕੀਤੀ ਜਾਵੇਗੀ। ਕਿਸੇ ਵੀ ਤਰ੍ਹਾਂ ਦੇ ਉਲੰਘਣ 'ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ ਕਿਉਂਕਿ ਇਸ ਹੁਕਮ ਦੀ ਪਾਲਣਾ ਸਾਰੇ ਸੰਬੰਧਤ ਡਾਕਟਰਾਂ ਅਤੇ ਸਟਾਫ ਮੈਂਬਰਾਂ ਲਈ ਲਾਜ਼ਮੀ ਘੋਸ਼ਿਤ ਕੀਤੀ ਗਈ ਹੈ।ਹਸਪਤਾਲ ਪ੍ਰਬੰਧਨ ਦਾ ਕਹਿਣਾ ਹੈ ਕਿ ਇਹ ਫ਼ੈਸਲਾ ਦਵਾਈਆਂ ਦੀ ਖਰੀਦ ਵਿੱਚ ਹੋ ਸਕਣ ਵਾਲੀ ਗੜਬੜ ਨੂੰ ਰੋਕਣ ਅਤੇ ਮਰੀਜ਼ਾਂ ਨੂੰ ਸਸਤੀ ਤੇ ਗੁਣਵੱਤਾ ਵਾਲੀ ਇਲਾਜੀ ਸਹੂਲਤ ਦੇਣ ਲਈ ਲਿਆ ਗਿਆ ਹੈ। ਦਵਾਈਆਂ ਦੇ ਬ੍ਰਾਂਡ ਨਾਮਾਂ ਦੀ ਬਜਾਏ ਸਾਲਟ ਨਾਮ ਲਿਖਣ ਨਾਲ ਨਾ ਸਿਰਫ਼ ਬਿਨਾਂ ਲੋੜ ਵਾਧੂ ਖਰਚਾ ਰੁਕੇਗਾ ਬਲਕਿ ਮਰੀਜ਼ਾਂ ਨੂੰ ਵਿਕਲਪਿਕ ਤੇ ਆਸਾਨੀ ਨਾਲ ਉਪਲਬਧ ਦਵਾਈਆਂ ਵੀ ਮਿਲ ਸਕਣਗੀਆਂ।ਯਾਦ ਰਹੇ ਕਿ ਇਹ ਹੁਕਮ ਹਸਪਤਾਲ ਪ੍ਰਬੰਧਨ ਵੱਲੋਂ ਜਾਰੀ ਕੀਤਾ ਗਿਆ ਹੈ ਅਤੇ ਇਸਦੀ ਇੱਕ ਕਾਪੀ ਪੰਜਾਬ ਵਕਫ਼ ਬੋਰਡ ਦੇ ਚੇਅਰਮੈਨ ਨੂੰ ਜਾਣਕਾਰੀ ਲਈ ਵੀ ਭੇਜੀ ਗਈ ਹੈ।

ਦੇਸ਼ ਦੇ ਮਰਹੂਮ ਪ੍ਰਧਾਨ ਰਾਜੀਵ ਗਾਂਧੀ ਦੇ ਜਨਮ ਦਿਹਾੜੇ ਸਮਾਗਮ ਵਿਚ ਜਿਲ੍ਹਾ ਮਹਿਲਾਂ ਕਾਂਗਰਸ ਵਲੋਂ ਕੀਤੀ ਸ਼ਿਰਕ

‘ਬੱਚੋਂ ਕੇ ਛੋਟੇ ਹਾਥੋਂ ਕੋ ਚਾਂਦ ਸਿਤਾਰੇ ਛੂਹਨੇ ਦੋ’

ਦਰਅਸਲ ਅਜੋਕੇ ਗਲਾ-ਕਾਟਵੇਂ ਮੁਕਾਬਲੇਬਾਜ਼ੀ ਦੇ ਦੌਰ ਨੇ ਬੱਚਿਆਂ ਕੋਲੋਂ ਉਨ੍ਹਾਂ ਦਾ ਬਚਪਨ ਖੋਹ ਲਿਆ ਹੈ। ਬੱਚੇ ਦਾ ਆਪਣਾ ਭਾਰ ਘੱਟ ਅਤੇ ਬਸਤੇ ਦਾ ਭਾਰ ਵੱਧ ਹੁੰਦਾ ਹੈ। ਤੜਕੇ-ਤੜਕੇ ਸੁੱਤ-ਉਨੀਂਦੇ ਜਿਹੇ ਬੱਚੇ ਤਿਆਰ ਕਰਕੇ ਸਕੂਲ ਵੈਨਾਂ ਵਿਚ ਲੱਦੇ ਜਾਂਦੇ ਹਨ। ਪ੍ਰੀ-ਨਰਸਰੀ ਦੀ ਪਿਰਤ ਨੇ ਤਾਂ ਬਚਪਨ ਦਾ ਘਾਣ ਹੀ ਕਰ ਦਿੱਤਾ ਹੈ। ਨਿੱਕੇ ਪਰਿਵਾਰ ਹੋਣ ਕਾਰਨ ਕੰਮਕਾਜੀ ਮਾਪਿਆਂ ਕੋਲ ਬਜ਼ੁਰਗਾਂ ਦਾ ਆਸਰਾ ਤਾਂ ਹੁੰਦਾ ਨਹੀਂ, ਛੋਟੇ ਸ਼ਹਿਰਾਂ ਜਾਂ ਕਸਬਿਆਂ ਵਿਚ ਬਾਲ-ਗ੍ਰਹਿ ਸੱਭਿਆਚਾਰ ਅਜੇ ਵਿਕਸਤ ਨਹੀਂ ਹੋਇਆ।

ਅੱਜਕਲ੍ਹ ਕਲ੍ਹੀਆਂ ਵਰਗੇ ਕੋਮਲ ਬੱਚਿਆਂ ਉੱਪਰ ਮਾਂ-ਬਾਪ ਵੱਲੋਂ ਚੰਗੀ ਪੇਸ਼ਕਾਰੀ/ਪ੍ਰਾਪਤੀ ਲਈ ਇਸ ਕਦਰ ਦਬਾ ਪਾਇਆ ਜਾ ਰਿਹਾ ਹੈ ਕਿ ਨੰਨ੍ਹੀਆਂ ਜਿੰਦਾਂ ਨਪੀੜੀਆਂ ਅਤੇ ਮਧੋਲੀਆਂ ਜਾ ਰਹੀਆਂ ਹਨ। ਨੱਚਣ-ਕੁੱਦਣ ਦੀ ਉਮਰੇ ਹੀ ਤਣਾਅ ਅਤੇ ਬੋਝ ਗ੍ਰਸਤ ਚਿਹਰੇ ਮੁਰਝਾਏ-ਮੁਰਝਾਏ ਦਿਸਦੇ ਹਨ।

ਦਰਅਸਲ ਅਜੋਕੇ ਗਲਾ-ਕਾਟਵੇਂ ਮੁਕਾਬਲੇਬਾਜ਼ੀ ਦੇ ਦੌਰ ਨੇ ਬੱਚਿਆਂ ਕੋਲੋਂ ਉਨ੍ਹਾਂ ਦਾ ਬਚਪਨ ਖੋਹ ਲਿਆ ਹੈ। ਬੱਚੇ ਦਾ ਆਪਣਾ ਭਾਰ ਘੱਟ ਅਤੇ ਬਸਤੇ ਦਾ ਭਾਰ ਵੱਧ ਹੁੰਦਾ ਹੈ। ਤੜਕੇ-ਤੜਕੇ ਸੁੱਤ-ਉਨੀਂਦੇ ਜਿਹੇ ਬੱਚੇ ਤਿਆਰ ਕਰਕੇ ਸਕੂਲ ਵੈਨਾਂ ਵਿਚ ਲੱਦੇ ਜਾਂਦੇ ਹਨ। ਪ੍ਰੀ-ਨਰਸਰੀ ਦੀ ਪਿਰਤ ਨੇ ਤਾਂ ਬਚਪਨ ਦਾ ਘਾਣ ਹੀ ਕਰ ਦਿੱਤਾ ਹੈ। ਨਿੱਕੇ ਪਰਿਵਾਰ ਹੋਣ ਕਾਰਨ ਕੰਮਕਾਜੀ ਮਾਪਿਆਂ ਕੋਲ ਬਜ਼ੁਰਗਾਂ ਦਾ ਆਸਰਾ ਤਾਂ ਹੁੰਦਾ ਨਹੀਂ, ਛੋਟੇ ਸ਼ਹਿਰਾਂ ਜਾਂ ਕਸਬਿਆਂ ਵਿਚ ਬਾਲ-ਗ੍ਰਹਿ ਸੱਭਿਆਚਾਰ ਅਜੇ ਵਿਕਸਤ ਨਹੀਂ ਹੋਇਆ। ਅਜਿਹੀ ਸੂਰਤ ਵਿਚ ਸਕੂਲਾਂ ਵਿਚ ਹੀ ਪ੍ਰੀ-ਸਕੂਲਿੰਗ ਰਾਹੀਂ ਸ਼ਿਸ਼ੂਪਾਲਣਗੀਰੀ ਦਾ ਕੰਮ ਚਲਾਇਆ ਜਾਂਦੈ। ਢਾਈ-ਤਿੰਨ ਸਾਲ ਦੀ ਉਮਰੇ ਹੀ ਬੱਚੇ ਇਨ੍ਹਾਂ ਸਕੂਲਾਂ ਵਿਚ ਭੇਜੇ ਜਾਣ ਲੱਗ ਪੈਂਦੇ ਹਨ।

ਬਹੁਤੇ ਮਾਂ-ਬਾਪ ਆਪਣੇ ਕਾਰੋਬਾਰੀ ਅਤੇ ਵਿਅਕਤੀਗਤ ਸਫਲਤਾਵਾਦੀ ਜੀਵਨ ਨੂੰ ਵੱਧ ਤਰਜੀਹ ਦਿੰਦੇ ਹਨ ਅਤੇ ਬੱਚਿਆਂ ਨੂੰ ਬਚਪਨ ਵਿਚ ਹੀ ਵੱਡ-ਉਮਰੇ ਕਰ ਦਿੰਦੇ ਹਨ। ਖੇਡਣ-ਮੱਲ੍ਹਣ ਦੇ ਦਿਨਾਂ ਵਿਚ ਬੱਚੇ ਵਿਚਾਰੇ ਸਕੂਲਾਂ ਵਿਚ ਨੂੜੇ ਰਹਿੰਦੇ ਹਨ। ਬਹੁਤੇ ਸਕੂਲਾਂ ਕੋਲ ਖੇਡ ਮੈਦਾਨ ਤੱਕ ਨਹੀਂ ਹੁੰਦੇ, ਜਿਸ ਕਾਰਨ ਬੱਚੇ ਦੇ ਸਰੀਰਕ ਪੱਖੋਂ ਮੌਲਣ-ਵਿਗਸਣ ਵਿਚ ਰੁਕਾਵਟ ਪੈਂਦੀ ਹੈ। ਕਈ ਸਕੂਲ ਤਾਂ ਬਾਬਾ ਆਦਮ ਵੇਲੇ ਦੀਆਂ ਇਮਾਰਤਾਂ ਵਿਚ ਚਲਾਏ ਜਾਂਦੇ ਹਨ। ਸਾਧਾਰਨ ਲੋਕਾਂ ਦੇ ਬੱਚੇ ਇਹੋ ਜਿਹੇ ਸਕੂਲਾਂ ਵਿਚ ਹੀ ਪੜ੍ਹਦੇ ਹਨ। ਗ਼ਰੀਬ ਦਾ ਬੱਚਾ ਤਾਂ ਸਰਕਾਰੀ ਸਕੂਲ ਤੋਂ ਅੱਗੇ ਹੋਰ ਕਿੱਧਰੇ ਜਾਣ ਦੀ ਸੋਚ ਹੀ ਨਹੀਂ ਸਕਦਾ। ਬਹੁਤੇ ਸਰਕਾਰੀ ਸਕੂਲਾਂ ਦਾ ਬਹੁਤਾ ਹੀ ਬੁਰਾ ਹਾਲ ਹੈ। ਨਿੱਜੀ, ਮਹਿੰਗੇ ਸਕੂਲ ਤਾਂ ਅਮੀਰਾਂ ਲਈ ਹੀ ਹੁੰਦੇ ਹਨ। ਅਮੀਰ ਨੂੰ ਪੜ੍ਹਨ ਦੀ ਮਜਬੂਰੀ ਕੋਈ ਨਹੀਂ ਹੁੰਦੀ ਪਰ ਉਸ ਨੂੰ ਹਰ ਸਹੂਲਤ ਉਪਲਬਧ ਹੁੰਦੀ ਹੈ। ਗ਼ਰੀਬ ਦੀ ਗੁਰਬਤ ਤਾਂ ਪੜ੍ਹ-ਲਿਖ ਕੇ ਹੀ ਕੱਟੀ ਜਾਣੀ ਐ ਪਰ ਉਸ ਕੋਲ ਚੰਗੇ ਸਕੂਲਾਂ ਵਿਚ ਪੜ੍ਹਨ ਦੇ ਸਾਧਨ ਨਹੀਂ ਹਨ।

ਕਈ ਮਾਂ-ਬਾਪ ਆਪਣੇ ਬੱਚਿਆਂ ਨੂੰ ਬੱਚੇ ਘੱਟ ਅਤੇ ਕਿਸੇ ਕਲਾਕ੍ਰਿਤ ਦਾ ਸ਼ਾਹਕਾਰ (ਮਾਸਟਰ ਪੀਸ) ਵੱਧ ਸਮਝਦੇ ਹਨ। ਉਹ ਬੱਚੇ ਅੰਦਰ ਨੁਕਸ-ਰਹਿਤ ਪੂਰਨਤਾ (ਪਰਫੈਕਸ਼ਨ) ਭਾਲਦੇ ਹਨ। ਜਾਣੀ ਬੱਚਾ ਸੋਲਾਂ ਕਲਾਂ ਸੰਪੂਰਨ ਹੋਵੇ ਤਾਂ ਹੀ ਗੱਲ ਬਣੇਗੀ। ਕਲਾਸ ਵਿਚੋਂ ਅੱਵਲ ਆਵੇ, ਸੌ ਵਿਚੋਂ ਸੌ ਨੰਬਰ ਲਿਆਵੇ, ਰਿਪੋਰਟ ਕਾਰਡ ਵਿਚ ਕਿਸੇ ਪਾਸੇ ਵੀ ਕੁਝ ਵਾਧ-ਘਾਟ ਨਾ ਹੋਵੇ। ਭਲਿਓ ਲੋਕੋ, ਬੱਚਾ, ਬੱਚਾ ਹੈ ਕੋਈ ਇੱਛਾ-ਸੂਚੀ ਤਾਂ ਨਹੀਂ। ਨਾ ਹੀ ਉਹ ਕੋਈ ਅਲਾਦੀਨ ਦਾ ਚਿਰਾਗ ਹੈ ਕਿ ਜੋ ਚਾਹੋਗੇ ਪੂਰਾ ਕਰੀ ਜਾਏਗਾ। ਵੈਸੇ ਵੀ ਸੋਲਾਂ ਕਲਾਂ ਸੰਪੂਰਨ, ਭਲਾ ਹਰ ਬੱਚਾ ਕਿਵੇਂ ਹੋ ਸਕਦੈ।

ਕੁਝ ਮਾਪੇ ਤਾਂ ਘੱਟ ਨੰਬਰ ਆਉਣ ‘ਤੇ ਬੱਚਿਆਂ ਨੂੰ ਕੁਟਾਪਾ ਚਾੜ੍ਹਦੇ ਵੀ ਦੇਖੇ ਗਏ ਹਨ। ਸਾਡੇ ਬਚਪਨ ਵੇਲੇ ਮਾਸਟਰ ਤੇ ਮਾਪੇ ਦੋਵੇਂ ਹੀ ਚੰਗੀ ਛਿੱਤਰ-ਪਰੇਡ ਕਰਦੇ ਸਨ। ਸੁਣਿਐਂ, ਅੱਜਕਲ੍ਹ ਅਧਿਆਪਕ ਜ਼ਰਾ ਘੱਟ ਕੁੱਟਦੇ ਹਨ (ਪਤਾ ਨਹੀਂ ਸੱਚ ਹੈ ਕਿ ਝੂਠ), ਮਾਪੇ ਵੀ ਪੁਰਾਣੇ ਵੇਲਿਆਂ ਜਿੰਨੇ ਸਖ਼ਤ ਨਹੀਂ ਪਰ ਫਿਰ ਵੀ ਬੱਚਿਆਂ ਨੂੰ ਸਕੂਲਾਂ ਵਿਚ ਮਾਰ ਪੈਣ ਅਤੇ ਮਾਪਿਆਂ ਵੱਲੋਂ ਵੀ ਸਖ਼ਤੀ ਕਰਨ ਦੀਆਂ ਖ਼ਬਰਾਂ ਪੜ੍ਹਨ-ਸੁਣਨ ਨੂੰ ਮਿਲਦੀਆਂ ਹੀ ਰਹਿੰਦੀਆਂ ਹਨ।

ਅਜਿਹੀ ਸੂਰਤ ਵਿਚ ਬੱਚੇ ਜਾਂ ਤਾਂ ਢੀਠ ਹੋ ਜਾਂਦੇ ਹਨ ਅਤੇ ਉਹ ਸਹੀ ਤਰੀਕੇ ਨਾਲ ਸ਼ਖ਼ਸੀ-ਵਿਕਾਸ ਨਹੀਂ ਕਰਦੇ ਅਤੇ ਜਾਂ ਫਿਰ ਉਹ ਝੂਠ ਬੋਲ ਕੇ ਜਾਂ ਹੋਰ ਜੁਗਾੜ ਕਰਕੇ ਮਾਰ ਤੋਂ ਬਚਣ ਦੇ ਢੰਗ-ਤਰੀਕੇ ਅਖ਼ਤਿਆਰ ਕਰਦੇ ਹਨ। ਕਵੀ ਬੁਧੀਸੇਨ ਨੇ ਬੜਾ ਸੋਹਣਾ ਕਿਹਾ ਹੈ- ‘ਅਭੀ ਸੱਚ ਬੋਲਤਾ ਹੈ ਅਭੀ ਕੁਛ ਨਹੀਂ ਬਿਗੜਾ, ਮਗਰ ਡਾਂਟੋਗੇ ਤੋ ਬੱਚਾ ਬਹਾਨਾ ਸੀਖ ਜਾਏਗਾ।’

ਵੈਸੇ ਵੀ ਰੋਂਦੇ ਬੱਚੇ ਦੇਖ ਕੇ ਰੱਬ ਰੁੱਸ ਜਾਂਦੈ, ਮੌਲਾ ਦੀ ਖ਼ੁਸ਼ੀ ਮਾਸੂਮਾਂ ਦੀ ਮੁਸਕਾਨ ਵਿਚ ਹੈ ‘ਘਰ ਸੇ ਮਸਜਿਦ ਹੈ ਬਹੁਤ ਦੂਰ ਚਲੋ ਯੂੰ ਕਰ ਲੇਂ, ਕਿਸੀ ਰੋਤੇ ਹੂਏ ਬੱਚੇ ਕੋ ਹਸਾਇਆ ਜਾਏ।’ (ਨਿਦਾ ਫਾਜ਼ਲੀ)।

ਪਿਆਰ, ਪ੍ਰੇਰਨਾ ਅਤੇ ਪ੍ਰੋਤਸਾਹਨ ਨਾਲ ਹੀ ਬੱਚੇ ਪ੍ਰਭਾਵਿਤ ਹੁੰਦੇ ਹਨ ਨਾ ਕਿ ਮਾਰ-ਪਿਟਾਈ ਨਾਲ।

ਕਈ ਮਾਂ-ਬਾਪ ਆਪਣੇ ਅਧੂਰੇ ਸੁਪਨਿਆਂ ਨੂੰ ਬੱਚਿਆਂ ਰਾਹੀਂ ਸਾਕਾਰ ਕਰਨਾ ਲੋਚਦੇ ਹਨ। ਭਾਵੇਂ ਇਹ ਮਾੜੀ ਗੱਲ ਤਾਂ ਨਹੀਂ ਪਰ ਚੰਗੀ ਵੀ ਨਹੀਂ। ਬੱਚਾ ਸਾਡੀ ‘ਪਰੌਕਸੀ’ ਨਹੀਂ ਹੈ, ਭਾਵ ਉਹ ਸਾਡੇ ਬੇਹੇ ਸੁਪਨਿਆਂ ਦਾ ਨੁਮਾਇੰਦਾ ਨਹੀਂ, ਸਗੋਂ ਆਪਣੇ ਸੱਜਰੇ ਸੁਪਨਿਆਂ ਦਾ ਸਿਰਜਕ ਅਤੇ ਸਾਕਾਰ-ਕਰਤਾ ਹੈ। ਉਹ ਆਪਣੀ ਇਕ ਆਜ਼ਾਦ, ਵੱਖਰੀ, ਨਿਵੇਕਲੀ ਹੋਂਦ ਅਤੇ ਹਸਤੀ ਰੱਖਦਾ ਹੈ। ਪ੍ਰਮਾਣੂ-ਵਿਗਿਆਨੀ ਸਾਬਕਾ ਰਾਸ਼ਟਰਪਤੀ ਅਬਦੁਲ ਕਲਾਮ ਅਨੁਸਾਰ, ‘ਰੱਬ ਦੇ ਜੀਅ ਦੇ ਤੌਰ ‘ਤੇ ਮੈਂ ਹਰ ਉਸ ਗੱਲ ਤੋਂ ਵੱਡਾ ਹਾਂ ਜੋ ਮੇਰੇ ਨਾਲ ਵਾਪਰ ਸਕਦੀ ਹੈ।’ ਪਹਿਲ ਸਾਹਿਤਕ ਨੋਬਲ ਇਨਾਮ ਜਿੱਤਣ ਵਾਲਾ ਭਾਰਤੀ ਰਬਿੰਦਰ ਨਾਥ ਟੈਗੋਰ ਸਲਾਹ ਦਿੰਦਾ ਹੈ ਕਿ, ‘ਆਪਣੇ ਬੱਚੇ ਨੂੰ ਆਪਣੀ ਸਿੱਖਿਆ ਤੱਕ ਸੀਮਤ ਨਾ ਕਰੋ, ਕਿਉਂਕਿ ਉਹ ਇਕ ਵੱਖਰੀ ਦੁਨੀਆ ਵਿਚ ਪੈਦਾ ਹੋਇਐ।’

ਜਿਹੜੇ ਲੋਕ ਆਪਣੇ ਬੱਚਿਆਂ ਨੂੰ ਸਫਲ ਹੋਣ ਦੇ ਫਾਰਮੂਲੇ ਦੱਸਦੇ ਰਹਿੰਦੇ ਹਨ, ਭਲਾ ਜੇ ਇਹ ਫਾਰਮੂਲੇ ਜਾਂ ਕਾਮਯਾਬੀ ਦੇ ਨੁਸਖੇ ਉਨ੍ਹਾਂ ਨੂੰ ਐਨੇ ਹੀ ਆਉਂਦੇ ਸਨ ਤਾਂ ਫਿਰ ਤਾਂ ਉਨ੍ਹਾਂ ਨੂੰ ਇਨ੍ਹਾਂ ਰਾਹੀਂ ਖੁਦ ਵੀ ਸਫਲਤਾ ਦੇ ਅੰਬਰਾਂ ਨੂੰ ਛੂਹਣਾ ਚਾਹੀਦਾ ਸੀ! ਜੇ ਇਹ ਫਾਰਮੂਲੇ ਉਨ੍ਹਾਂ ਲਈ ਕਾਮਯਾਬ ਨਹੀਂ ਹੋਏ ਤਾਂ ਫਿਰ ਬੱਚਿਆਂ ਨੂੰ ਆਪਣਾ ਰਾਹ ਆਪ ਤੈਅ ਕਰਨ ਦੇਣਾ ਚਾਹੀਦੈ, ‘ਜ਼ਮਾਨੇ ਮੇਂ ਕੁਛ ਤੋ ਅੱਛਾ ਰਹਿਨੇ ਦੀਆ ਜਾਏ, ਇਨ ਬੱਚੋਂ ਕੋ ਬੱਚਾ ਰਹਿਨੇ ਦੀਆ ਜਾਏ।’

ਸਾਨੂੰ ਆਪਣੇ ਬੱਚਿਆਂ ਨੂੰ ਉਡਾਣ ਭਰਨ ਲਈ ਪਰ ਦੇਣੇ ਚਾਹੀਦੇ ਹਨ, ਉਡਾਣ ਦੀ ਸੀਮਾ ਨਹੀਂ ਮਿਥਣੀ ਚਾਹੀਦੀ। ਅੱਜਕਲ੍ਹ ਦੇ ਬੱਚੇ ਤਕਨਾਲੋਜੀ ਦੇ ਦੌਰ ਵਿਚ ਪੈਦਾ ਹੋਏ ਹਨ, ਉਨ੍ਹਾਂ ਕੋਲ ਸੂਚਨਾ, ਗਿਆਨ-ਸਰੋਤ ਅਤੇ ਸਾਧਨ ਸਾਡੇ ਨਾਲੋਂ ਕਿੱਧਰੇ ਵੱਧ ਹਨ, ਉਹ ਮੋਕਲੇ ਅੰਬਰਾਂ ਦੀ ਉਡਾਨ ਭਰਨ ਦੇ ਸਮਰੱਥ ਹਨ, ਬਸ ਸਾਨੂੰ ਜ਼ਰਾ ਉਨ੍ਹਾਂ ਨੂੰ ਪਰਵਾਜ਼ ਦੇ ਹਾਣੀ ਹੋਣ ਦੇਣਾ ਚਾਹੀਦੈ। ਲੋੜ ਪਵੇ ਤਾਂ ਸਹਾਇਤਾ ਕਰਨੀ ਚਾਹੀਦੀ ਹੈ, ਬੇਲੋੜੀ ਦਖਲਅੰਦਾਜ਼ੀ ਨਹੀਂ ਕਰਨੀ ਚਾਹੀਦੀ। ਇਕ ਸ਼ਾਇਰ ਠੀਕ ਕਹਿੰਦੈ, ‘ਬਜ਼ੁਰਗੋਂ ਸੇ ਕਹੋ ਅਬ ਰਹਿਮ ਕਰ ਦੇਂ, ਹਮਾਰੀ ਨਸਲ ਪਰ ਕਰਜ਼ਾ ਬਹੁਤ ਹੈ।’

ਇਕ ਸਕੂਲ ਦਾ ਨੀਤੀ-ਵਾਕ ‘ਬੱਚਿਆਂ ਨੂੰ ਬੱਚੇ ਹੀ ਰਹਿਣ ਦਿਓ’ ਪੜ੍ਹ ਕੇ ਚੰਗਾ ਲੱਗਾ, ਬਸ਼ਰਤੇ ਕਿ ਇਹ ਅਸੂਲ ਅਮਲੀ ਤੌਰ ‘ਤੇ ਵੀ ਅਪਣਾਇਆ ਜਾਂਦਾ ਹੋਵੇ, ਬੱਚਿਆਂ ਦਾ ਬਚਪਨ ਖੋਹਣਾ ਨਾ ਸਿਰਫ ਬਚਕਾਨੀ ਹਰਕਤ ਹੈ ਸਗੋਂ ਮੁਜਰਮਾਨਾ ਵੀ ਹੈ!

ਮਸਤੀ ਬਚਪਨ ਦੀ ਹਸਤੀ ਹੈ। ਬੱਚੇ ਜੇ ਖੌਰੂ ਨਾ ਪਾਉਣਗੇ, ਖਰਮਸਤੀ ਨਾ ਕਰਨਗੇ, ਤਾਂ ਕੀ ਮੇਰੇ ਵਰਗੇ ਬੁੱਢੇ-ਠੇਰੇ ਕਰਨਗੇ?

ਆਓ! ਨਿਦਾ ਫਾਜ਼ਲੀ ਦੀ ਸਲਾਹ ਮੰਨੀਏ:

‘ਬੱਚੋਂ ਕੇ ਛੋਟੇ ਹਾਥੋਂ ਕੋ ਚਾਂਦ ਸਿਤਾਰੇ ਛੂਹਨੇ ਦੋ,
ਚਾਰ ਕਿਤਾਬੇਂ ਪੜ੍ਹ ਕੇ ਵੋਹ ਭੀ ਹਮ ਜੈਸੇ ਹੋ ਜਾਏਂਗੇ।’

ਬਲਿਹਾਰੀ ਕੁਦਰਤਿ ਵਸਿਆ।

ਅਸੀਂ ਜਿਸ ਅਕਾਲ ਪੁਰਖ ਵਾਹਿਗੁਰੂ ਨੂੰ ਭਾਲਦੇ ਹਾਂ ਉਹ ਕੁਦਰਤ ਵਿਚ ਵਸਿਆ ਹੋਇਆ ਹੈ। ਕੁਦਰਤ ਨਾਲ ਇਕ ਸੁਰ ਹੋਣ ਨਾਲ ਹੀ ਕੁਦਰਤ ਵਿਚ ਕੁਦਰਤ ਵਾਲਾ ਦਿਸਦਾ ਹੈ ਪਰ ਅਸੀਂ ਇੱਕੀਵੀਂ ਸਦੀ ਦੇ ਪੜ੍ਹੇ-ਲਿਖੇ ਹੋਣ ਦੇ ਵੱਡੇ-ਵੱਡੇ ਦਾਅਵੇ ਕਰਨ ਦੇ ਬਾਵਜੂਦ ਵਿਗਿਆਨਕ ਸੋਚ ਰੱਖਦਿਆਂ ਹੋਇਆਂ ਵੀ ਅਣਮਨੁੱਖੀ ਅਤੇ ਗ਼ੈਰ-ਕੁਦਰਤੀ ਵਰਤਾਰਾ ਕਰਦੇ ਜਾ ਰਹੇ ਹਾਂ।

ਜੇਕਰ ਅਸੀਂ ਗੁਰਬਾਣੀ ਦੇ ਦੱਸੇ ਰਾਹ ‘ਤੇ ਚਲਦੇ ਹੁੰਦੇ ਤਾਂ ਦੁਨੀਆ ਭਰ ਦੇ ਲੋਕ ਅੱਜ ਪੰਜਾਬ ਦੀ ਧਰਤੀ ‘ਤੇ ਸਤਿਗੁਰੂਆਂ ਦੀਆਂ ਕੀਤੀਆਂ ਬਖਸ਼ਿਸ਼ਾਂ ਨੂੰ ਦੇਖਣ ਲਈ ਆਉਂਦੇ ਕਿ ਬਾਬੇ ਨਾਨਕ ਦੀ ਬਾਣੀ ਨੂੰ ਮੰਨਣ ਵਾਲਿਆਂ ਨੇ ਕਿਵੇਂ ਪਾਣੀਆਂ ਨੂੰ ਸੰਭਾਲਿਆ ਹੈ। ਪਰ ਦੁੱਖ ਦੀ ਗੱਲ ਹੈ ਕਿ ਇਹ ਸਾਰਾ ਕੁਝ ਨਹੀਂ ਹੋ ਸਕਿਆ ਜੋ ਹੋਣਾ ਚਾਹੀਦਾ ਸੀ।

ਅੱਜ ਵੀ ਬਾਣੀ ਦੇ ਦੱਸੇ ਹੋਏ ਰਾਹ ‘ਤੇ ਚੱਲ ਕੇ ਦੁਨੀਆ ਲਈ ਵੱਡੀ ਮੁਸੀਬਤ ਗਲੋਬਲ ਵਾਰਮਿੰਗ ਤੋਂ ਛੁਟਕਾਰਾ ਪਾ ਸਕਦੇ ਹਾਂ। ਬਾਣੀ ਦਾ ਸੁਨੇਹਾ ਸਾਰੀ ਮਨੁੱਖਤਾ ਦਾ ਵਾਸਤੇ ਹੈ। ਇਸੇ ਵਾਸਤੇ ਹੀ ਪਾਤਸ਼ਾਹ ਨੇ ਇਨ੍ਹਾਂ ਸ਼ਬਦਾਂ ਦਾ ਉਚਾਰਨ ਕੀਤਾ ਹੈ:ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥

ਜਿਸ ਘਰ ਵਿੱਚ ਬੱਚਾ ਖੇਡਦਾ ਹੋਵੇ, ਉਹ ਘਰ ਖੁਸ਼ੀਆਂ ਦਾ ਪ੍ਰਤੀਕ ਮੰਨਿਆ ਜਾਂਦਾ ਹੈ । ਇਸੇ ਤਰ੍ਹਾਂ ਬਾਣੀ ਵਿਚ ਖੇਲੈ ਸਗਲ ਜਗਤੁ ਦੀ ਗੱਲ ਕੀਤੀ ਗਈ ਹੈ। ਭਾਵ ਕਿ ਸਾਰਾ ਸੰਸਾਰ ਦਿਨ ਰਾਤ ਹੱਸਦਾ ਖੇਡਦਾ ਰਹਿਣਾ ਚਾਹੀਦਾ ਹੈ । ਸਾਰਾ ਸੰਸਾਰ ਤਦ ਹੀ ਹੱਸੇਗਾ ਤੇ ਖੇਡੇਗਾ ਜਦੋਂ ਉਹ ਕੁਦਰਤ ਦੇ ਨਾਲ ਇਕਮਿਕ ਹੋਵੇਗਾ। ਪਵਿੱਤਰ ਵੇਈਂ ਜਿਸ ‘ਚੋਂ ਬਾਹਰ ਆ ਕੇ ਬਾਬਾ ਨਾਨਕ ਨੇ ਇਲਾਹੀ ਬਾਣੀ ਦਾ ਉਚਾਰਣ ਕੀਤਾ, ਉਸ ਵੇਈਂ ਨੂੰ ਵੀ ਪੂਰੀ ਤਰ੍ਹਾਂ ਪ੍ਰਦੂਸ਼ਤ ਕਰ ਦਿੱਤਾ ਗਿਆ ਸੀ। ਉਸ ਦੇ ਕੰਢੇ ‘ਤੇ ਖੜ੍ਹੇ ਹੋਣਾ ਮੁਸ਼ਕਿਲ ਸੀ। ਸੰਗਤਾਂ ਨੇ ਜੁਲਾਈ 2000 ਤੋਂ ਲਗਾਤਾਰ ਹੱਥੀਂ ਕਾਰ ਸੇਵਾ ਕੀਤੀ ਹੈ। ਗੁਰੂ ਦੀ ਮੇਹਰ ਹੋਈ ਇਹ ਸਾਫ਼ ਹੋਈ ਵੇਈਂ ਸਭ ਲਈ ਇਕ ਮਿਸਾਲ ਬਣ ਗਈ ਹੈ। ਵੇਈਂ ਦੀ ਕਾਰ ਸੇਵਾ ਨੇ ਗੁਰਬਾਣੀ ਦੇ ਇਸ ਮਹਾਂਵਾਕ ਨੂੰ ਪੂਰੀ ਤਰ੍ਹਾਂ ਨਾਲ ਸਾਰਥਿਕ ਕਰ ਦਿੱਤਾ ਹੈ ਕਿ:

ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥

ਪਵਿੱਤਰ ਕਾਲੀ ਵੇਈਂ ਦੁਬਾਰਾ ਸਾਫ਼-ਸੁਥਰੀ ਵਗ ਰਹੀ ਹੈ। ਗੁਰੂ ਨਾਨਕ ਪਾਤਿਸ਼ਾਹ ਦੇ ਘਰ ਤੋਂ ਹੋਈ ਸ਼ੁਰੂਆਤ ਸਾਰੀ ਦੁਨੀਆ ਦੀਆਂ ਨਦੀਆਂ ਅਤੇ ਦਰਿਆਵਾਂ ਨੂੰ ਸਾਫ-ਸੁਥਰਾ ਰੱਖਣ ਲਈ ਰਾਹ ਦਸੇਰਾ ਬਣ ਗਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੁਲਤਾਨਪੁਰ ਦੀ ਧਰਤੀ ਤੋਂ ਜੋ ਸੁਨੇਹਾ ਵਾਤਾਵਰਨ ਪ੍ਰਤੀ ਦਿੱਤਾ ਸੀ, ਉਸ ਨੂੰ ਸਾਰਥਿਕ ਕਰਨ ਦਾ ਸਮਾਂ ਆ ਗਿਆ ਹੈ। ਸਾਲ 2019 ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਵਾਂ ਪ੍ਰਕਾਸ਼ ਪੁਰਬ ਆ ਰਿਹਾ ਹੈ। ਇਨ੍ਹਾਂ ਦੋ ਸਾਲਾਂ ਦੇ ਬਚੇ ਸਮੇਂ ਦੌਰਾਨ ਅਸੀਂ ਦੁਨੀਆ ਨੂੰ ਦੱਸ ਸਕਦੇ ਹਾਂ ਕਿ ਅਸੀਂ ਗੁਰੂ ਨਾਨਕ ਦੇਵ ਜੀ ਦੇ ਸੱਚੇ-ਸੁੱਚੇ ਸਿੱਖ ਹਾਂ। ਅਸੀਂ ਹਵਾ, ਪਾਣੀ ਤੇ ਧਰਤੀ ਦਾ ਸਤਿਕਾਰ ਕਰਾਂਗੇ ਤੇ ਦੋ ਸਾਲਾਂ ਵਿਚ ਸਮੁੱਚੇ ਪੰਜਾਬ ਨੂੰ ਹਰਿਆ-ਭਰਿਆ ਕਰ ਦੇਵਾਂਗੇ ਤੇ ਕਿਸੇ ਵੀ ਦਰਿਆ ਜਾਂ ਨਦੀ ਨੂੰ ਪ੍ਰਦੂਸ਼ਿਤ ਨਹੀਂ ਕਰਾਂਗੇ। ਆਓ! ਬਾਬੇ ਨਾਨਕ ਦੇ ਸੱਚੇ ਸਿੱਖ ਅਖਵਾਈਏ।

-ਸੰਤ ਬਲਬੀਰ ਸਿੰਘ ਸੀਚੇਵਾਲ

ਹੁਣ ਡੁੱਬੇ ਟਾਈਟੈਨਿਕ ਨੂੰ ਤੁਸੀਂ ਨੇੜਿਉਂ ਦੇਖ ਸਕੋਗੇ



ਤੁਸੀਂ ਆਰ. ਐਮ. ਐਸ. ਟਾਈਟੈਨਿਕ ਨੂੰ ਟੀਵੀ ਜਾਂ ਤਸਵੀਰਾਂ ਵਿਚ ਹੀ ਦੇਖਿਆ ਹੋਵੇਗਾ ਪਰ ਹੁਣ ਇਸਨੂੰ ਨੇੜਿਉਂ ਦੇਖਣ ਦਾ ਮੌਕਾ ਮਿਲ ਸਕਦਾ ਹੈ। ਲੰਡਨ ਦੀ ਟੂਰ ਅਪਰੇਟਰ ਕੰਪਨੀ ਬਲੂ ਮਾਰਬਲ ਪ੍ਰਾਈਵੇਟ ਅਗਲੇ ਸਾਲ ਮਈ ਤੋਂ ਸੈਲਾਨੀਆਂ ਦੇ ਲਈ ਅੱਠ ਦਿਨਾਂ ਦਾ ਟੂਰ ਪੈਕੇਜ ਆਰੰਭ ਕਰਨ ਜਾ ਰਹ ਹੈ। ਅਜਿਹਾ ਕਰਨ ਵਾਲੀ ਇਹ ਪਹਿਲੀ ਕੰਪਨੀ ਹੋਵੇਗੀ। ਇਸ ਦੇ ਲਈ ਉਸਨੇ ਅਮਰੀਕੀ ਕੰਪਨੀ ਓਸ਼ੀਅਨ ਗੇਟ ਦੇ ਨਾਲ ਹੱਥ ਮਿਲਾਇਆ ਹੈ। ਓਸ਼ੀਅਨ ਗੇਟ ਉਸਦੇ ਲਈ ਖਾਸ ਪਣਡੁੱਬੀ ਤਿਆਰ ਕਰ ਰਹੀ ਹੈ।

ਚਾਰ ਲੋਕ ਜਾ ਸਕਣਗੇ ਇਕੱਠੇ

ਓਸ਼ੀਅਨ ਗੇਟ ਇਸਦੇ ਲਈ ਸਾਈਕਲੈਪਸ-2 ਨਾਮੀ ਪਣਡੁੱਬੀ ਬਣਾ ਰਹ ਹੈ। ਇਸ ਵਿਚ ਇਕ ਚਾਲਕ ਤੋਂ ਇਲਾਵਾ ਚਾਰ ਸੈਲਾਨੀ ਟਾਈਟੈਨਿ

ਰਾਹਤ ਕਾਰਜਾਂ ਲਈ 2 ਕਰੋੜ ਰੁਪਏ ਜਾਰੀ

ਚੰਡੀਗੜ੍ਹ, 26 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮਾਲ, ਮੁੜ-ਵਸੇਬਾ ਅਤੇ ਆਫ਼ਤ ਪ੍ਰਬੰਧਨ ਮੰਤਰੀ ਸ. ਹਰਦੀਪ ਸਿੰਘ ਮੁੰਡੀਆਂ ਨੇ ਅੱਜ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਦਰਿਆਵਾਂ ਵਿੱਚ ਪਾਣੀ ਦਾ ਪੱਧਰ ਵਧਣ ਕਾਰਨ ਪ੍ਰਭਾਵਿਤ ਹੋਈਆਂ ਫਸਲਾਂ ਤੇ ਹੋਰ ਨੁਕਸਾਨ ਦੀ ਪੂਰਤੀ ਲਈ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ।

ਸੁਲਤਾਨਪੁਰ ਲੋਧੀ ਦੇ ਪ੍ਰਭਾਵਿਤ ਪਿੰਡਾਂ ਬਾਊਪੁਰ ਜਦੀਦ ਅਤੇ ਸਾਂਗਰਾ ਵਿਖੇ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਦੌਰਾਨ ਸ. ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਫਸਲਾਂ ਦੇ ਹੋਏ ਨੁਕਸਾਨ ਦੀ ਭਰਪਾਈ ਲਈ ਮੁਆਵਜ਼ੇ ਦੀ ਪ੍ਰਕਿਰਿਆ ਆਰੰਭ ਕਰ ਦਿੱਤੀ ਗਈ ਹੈ।ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰਾਂ ਨੂੰ ਹੁਕਮ ਦਿੱਤੇ ਗਏ ਹਨ ਕਿ ਉਹ ਪਾਣੀ ਘਟਦੇ ਸਾਰ ਹੀ ਜਲਦ ਤੋਂ ਜਲਦ ਵਿਸ਼ੇਸ਼ ਗਿਰਦਾਵਰੀ ਮੁਕੰਮਲ ਕਰਕੇ ਰਿਪੋਰਟ ਸੌਂਪਣ ਤਾਂ ਜੋ ਪ੍ਰਭਾਵਿਤ ਲੋਕਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾ ਸਕੇ।

ਮਾਲ ਮੰਤਰੀ ਨੇ ਦੱਸਿਆ ਕਿ ਪਾਣੀ ਨਾਲ ਮੁੱਖ ਤੌਰ 'ਤੇ ਪ੍ਰਭਾਵਿਤ ਜ਼ਿਲ੍ਹਿਆਂ ਕਪੂਰਥਲਾ, ਤਰਨ ਤਾਰਨ, ਫ਼ਿਰੋਜ਼ਪੁਰ, ਫ਼ਾਜ਼ਿਲਕਾ ਵਿਖੇ ਰਾਹਤ ਕੰਮਾਂ ਦੀ ਨਿਗਰਾਨੀ ਮੰਤਰੀ ਸਮੂਹ ਵਲੋਂ ਕੀਤੀ ਜਾ ਰਹੀ ਹੈ। ਕੈਬਨਿਟ ਮੰਤਰੀਆਂ ਵਲੋਂ ਜਿੱਥੇ ਵੱਖ-ਵੱਖ ਜ਼ਿਲ੍ਹਿਆਂ ਦਾ ਦੌਰਾ ਕਰਕੇ ਪ੍ਰਭਾਵਿਤ ਲੋਕਾਂ ਦਾ ਦੁੱਖ ਵੰਡਾਇਆ ਜਾ ਰਿਹਾ ਹੈ, ਉਥੇ ਹੀ ਰਾਹਤ ਕਾਰਜਾਂ ਉੱਪਰ ਲਗਾਤਾਰ ਨਿਗਰਾਨੀ ਰੱਖੀ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਕਪੂਰਥਲਾ ਜ਼ਿਲ੍ਹੇ ਵਿੱਚ ਰਾਹਤ ਕਾਰਜਾਂ ਲਈ 2 ਕਰੋੜ ਰੁਪਏ ਜਾਰੀ ਕੀਤੇ ਗਏ ਹਨ ਤਾਂ ਜੋ ਪ੍ਰਭਾਵਿਤ ਲੋਕਾਂ ਨੂੰ ਰਾਸ਼ਨ, ਪੀਣ ਵਾਲਾ ਪਾਣੀ, ਦਵਾਈਆਂ, ਪਸ਼ੂ ਧਨ ਦੀ ਸਿਹਤ ਸੰਭਾਲ ਆਦਿ ਦੇ ਕੰਮ ਜੰਗੀ ਪੱਧਰ 'ਤੇ ਜਾਰੀ ਰੱਖੇ ਜਾ ਸਕਣ।

ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਦੱਸਿਆ ਕਿ ਹੜ੍ਹ ਰੋਕੂ ਪ੍ਰਬੰਧਾਂ ਤਹਿਤ ਪੰਜਾਬ ਭਰ ਵਿੱਚ ਧੁੱਸੀ ਬੰਨ੍ਹਾਂ ਅਤੇ ਅਡਵਾਂਸ ਬੰਨ੍ਹਾਂ ਦੀ ਵਿਸ਼ੇਸ਼ ਮੁਹਿੰਮ ਚਲਾ ਕੇ ਹੋਰ ਮਜ਼ਬੂਤੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਵਰਤਮਾਨ ਸਮੇਂ ਧੁੱਸੀ ਬੰਨ੍ਹ ਪੂਰੀ ਤਰ੍ਹਾਂ ਸੁਰੱਖਿਅਤ ਹਨ।

ਕੈਬਨਿਟ ਮੰਤਰੀ ਵਲੋਂ ਕਿਸ਼ਤੀਆਂ ਰਾਹੀਂ ਪ੍ਰਭਾਵਿਤ ਲੋਕਾਂ ਤੱਕ ਪਹੁੰਚ ਕਰਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਸੁਣਿਆ ਗਿਆ। ਉਨ੍ਹਾਂ ਲੋਕਾਂ ਦੀ ਮੰਗ ਅਨੁਸਾਰ ਪ੍ਰਭਾਵਿਤ ਲੋਕਾਂ ਲਈ ਐਸ.ਡੀ.ਆਰ.ਐਫ. ਦੀਆਂ ਹੋਰ ਟੁਕੜੀਆਂ ਤੈਨਾਤ ਕਰਨ ਲਈ ਵੀ ਕਿਹਾ ਤਾਂ ਜੋ ਰਾਹਤ ਕਾਰਜਾਂ ਵਿੱਚ ਕਿਸੇ ਕਿਸਮ ਦੀ ਸਮੱਸਿਆ ਨਾ ਆਵੇ।

ਉਨ੍ਹਾਂ ਪ੍ਰਭਾਵਿਤ ਲੋਕਾਂ ਨੂੰ ਸੁੱਕਾ ਰਾਸ਼ਨ, ਦਵਾਈਆਂ ਅਤੇ ਪੀਣ ਵਾਲਾ ਪਾਣੀ ਵੀ ਮੁਹੱਈਆ ਕਰਵਾਇਆ।

ਕੈਬਨਿਟ ਮੰਤਰੀ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਪ੍ਰਭਾਵਿਤ ਖੇਤਰਾਂ ਵਿਚ ਲਗਾਤਾਰ ਫੌਗਿੰਗ ਯਕੀਨੀ ਬਣਾਈ ਜਾਵੇ। ਇਸ ਤੋਂ ਇਲਾਵਾ ਲੋਕਾਂ ਨੂੰ ਚਮੜੀ ਦੇ ਰੋਗਾਂ ਤੇ ਪਾਣੀ ਨਾਲ ਹੋਣ ਵਾਲੀਆਂ ਬੀਮਾਰੀਆਂ ਤੋਂ ਬਚਾਅ ਬਾਰੇ ਜਾਗਰੂਕ ਕਰਨ ਦੇ ਨਾਲ-ਨਾਲ ਸਿਹਤ ਵਿਭਾਗ ਦੀਆਂ ਟੀਮਾਂ ਵਲੋਂ ਨਿਯਮਤ ਸਿਹਤ ਜਾਂਚ ਯਕੀਨੀ ਬਣਾਈ ਜਾਵੇ।

ਪਸ਼ੂ ਧਨ ਦੀ ਸਿਹਤ ਸੰਭਾਲ ਵੱਲ ਵਿਸ਼ੇਸ਼ ਤਵੱਜੋ ਦੇਣ ਦੇ ਹੁਕਮ ਦਿੰਦਿਆਂ ਸ. ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਵੈਟਰਨਰੀ ਡਾਕਟਰ ਪ੍ਰਭਾਵਿਤ ਪਿੰਡਾਂ ਅਤੇ ਡੇਰਿਆਂ ਵਿੱਚ ਜਾ ਕੇ ਪਸ਼ੂ ਧਨ ਦੀ ਜਾਂਚ ਕਰਨ।

ਪ੍ਰਭਾਵਿਤ ਲੋਕਾਂ ਦੇ ਹੌਸਲੇ ਨੂੰ ਸਲਾਮ ਕਰਦਿਆਂ ਸ. ਮੁੰਡੀਆਂ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਇਸ ਔਖੀ ਘੜੀ ਵਿੱਚ ਉਨ੍ਹਾਂ ਨਾਲ ਖੜ੍ਹੀ ਹੈ ਅਤੇ ਲੋਕਾਂ ਨੂੰ ਹਰ ਸੰਭਵ ਮਦਦ ਮੁਹੱਈਆ ਕਰਵਾਈ ਜਾਵੇਗੀ।

ਇਸ ਤੋਂ ਪਹਿਲਾਂ ਉਨ੍ਹਾਂ ਰੈਸਟ ਹਾਊਸ ਵਿਖੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਡੈਮਾਂ ਤੋਂ ਪਾਣੀ ਛੱਡਣ ਅਤੇ ਦਰਿਆਵਾਂ ਵਿੱਚ ਵਗ ਰਹੇ ਪਾਣੀ ਬਾਰੇ ਜਾਣਕਾਰੀ ਪ੍ਰਾਪਤ ਕੀਤੀ।

ਇਸ ਮੌਕੇ ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ, ਨਗਰ ਸੁਧਾਰ ਟਰੱਸਟ ਕਪੂਰਥਲਾ ਦੇ ਚੇਅਰਮੈਨ ਤੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸੱਜਣ ਸਿੰਘ ਚੀਮਾ, ਐਸ.ਐਸ.ਪੀ. ਗੰਰਵ ਤੂਰਾ ਤੇ ਹੋਰਨਾਂ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

ਸੀਸੀਏ ਪੰਜਾਬ ਵੱਲੋਂ ਰਾਸ਼ਟਰੀ ਸੀਨੀਅਰ ਨਾਗਰਿਕ ਦਿਵਸ ਮਨਾਇਆ

ਚੰਡੀਗੜ੍ਹ, 26 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਸਰਕਾਰ ਦੀ ਅਗਵਾਈ ਹੇਠ ਸੰਚਾਰ ਮੰਤਰਾਲਾ, ਦੂਰਸੰਚਾਰ ਵਿਭਾਗ (4ਓ") ਦੇ ਪੰਜਾਬ ਟੈਲੀਕੌਮ ਸਰਕਲ ਦੇ ਕੰਟਰੋਲਰ ਸੰਚਾਰ ਲੇਖਾ ਦਫ਼ਤਰ ਨੇ ਵਿਭਾਗ ਵਿੱਚ ਆਪਣੇ ਕਾਰਜਕਾਲ ਦੌਰਾਨ ਪ੍ਰਦਾਨ ਕੀਤੀਆਂ ਗਈਆਂ ਸੇਵਾਵਾਂ ਦੇ ਸਨਮਾਨ ਵਿੱਚ ਰਾਸ਼ਟਰੀ ਸੀਨੀਅਰ ਨਾਗਰਿਕ ਦਿਵਸ ਮਨਾਇਆ।ਪ੍ਰੋਗਰਾਮ ਦੀ ਸ਼ੁਰੂਆਤ ਡਿਪਟੀ ਕੰਟਰੋਲਰ ਸ਼੍ਰੀ ਅਕਸ਼ੈ ਗੁਪਤਾ ਦੇ ਸੁਆਗਤ ਭਾਸ਼ਣ ਨਾਲ ਹੋਈ। ਸ਼੍ਰੀ ਗੁਪਤਾ ਨੇ ਦੱਸਿਆ ਕਿ ਸੀਸੀਏ ਪੰਜਾਬ ਚੰਡੀਗੜ੍ਹ ਦਫ਼ਤਰ ਵੱਲੋਂ ਪ੍ਰੋਗਰਾਮ ਆਯੋਜਿਤ ਕੀਤੇ ਗਏ। ਜਿਸ ਵਿੱਚ ਫੋਰਟਿਸ ਮੈਡਸੈਂਟਰ, ਚੰਡੀਗੜ੍ਹ ਦੇ ਐੱਮਡੀ ਡਾ. ਮਨਜੀਤ ਸਿੰਘ ਤ੍ਰੇਹਾਨ ਵੱਲੋਂ ਮੈਂਟਲ ਹੈਲਥ ਅਤੇ ਬਿਹਤਰ ਜੀਵਨ ਸ਼ੈਲੀ 'ਤੇ ਲੈਕਚਰ ਦਿੱਤਾ ਗਿਆ। ਜੀਵਨ ਪ੍ਰਮਾਣ ਐਪ ਅਤੇ ਸੰਪਨ (SAMPANN) ਐਪ ਦਾ ਉਪਯੋਗ ਕਿਵੇਂ ਕਰੀਏ, ਇਸ ਬਾਰੇ ਵੀਡੀਓ ਪੇਸ਼ਕਾਰੀ ਪ੍ਰਸਤੂਤ ਕੀਤੀ ਗਈ। ਸੱਭਿਆਚਾਰਕ ਪ੍ਰੋਗਰਾਮ ਦੇ ਤਹਿਤ ਕਵਿਤਾਵਾਂ ਦਾ ਆਯੋਜਨ ਕੀਤਾ ਗਿਆ। ਪੈਨਸ਼ਨਰਜ਼ ਵੱਲੋਂ ਸੰਵਾਦਾਤਮਕ ਸੈਸ਼ਨ ਅਤੇ ਅਨੁਭਵਾਂ ਦਾ ਅਦਾਨ-ਪ੍ਰਦਾਨ ਕੀਤਾ ਗਿਆ ਅਤੇ ਇਸ ਮੌਕੇ 'ਤੇ ਸੁਪਰ ਸੀਨੀਅਰ ਨਾਗਰਿਕਾਂ ਦਾ ਸਨਮਾਨ ਕੀਤਾ। ਸੁਸ਼੍ਰੀ ਦਿਵਯਾ ਏ.ਬੀ.ਪੈਨਸ਼ਨ ਅਤੇ ਪੈਨਸ਼ਨਰਜ਼ ਵੈਲਫੇਅਰ ਡਿਪਾਰਟਮੈਂਟ,

ਨਵੀਂ ਦਿੱਲੀ ਦੀ ਡਾਇਰੈਕਟਰ ਨੇ ਪ੍ਰੋਗਰਾਮ ਦੀ ਪ੍ਰਧਾਨਗੀ ਕਰਦੇ ਹੋਏ ਵਾਤਾਵਰਣ ਨੂੰ ਸਵੱਛ ਬਣਾਉਣ ਦੀ ਜਾਗਰੂਕਤਾ ਫੈਲਾਉਣ ਲਈ ਪੌਦੇ ਵੰਡੇ।

ਪੰਜਾਬ, ਚੰਡੀਗੜ੍ਹ ਦਫ਼ਤਰ ਦੇ ਕਾਰਜਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਭਾਰਤ ਸਰਕਾਰ ਰਾਸ਼ਟਰੀ ਸੀਨੀਅਰ ਨਾਗਰਿਕ ਦਿਵਸ 2025 'ਤੇ ਸੀਨੀਅਰ ਨਾਗਰਿਕਾਂ ਦੇ ਸਾਹਮਣੇ ਆਉਣ ਵਾਲੀਆਂ ਸਮੱਸਿਆਵਾਂ ਅਤੇ ਚੁਣੌਤੀਆਂ ਬਾਰੇ ਜਾਗਰੂਕਤਾ ਵਧਾਉਣਾ ਚਾਹੁੰਦੀ ਹੈ ਅਤੇ ਸਾਨੂੰ ਸਾਰਿਆਂ ਨੂੰ ਰਾਸ਼ਟਰ ਨਿਰਮਾਣ ਵਿੱਚ ਉਨ੍ਹਾਂ ਦੇ ਯੋਗਦਾਨ ਦਾ ਸਨਮਾਨ ਕਰਨਾ ਚਾਹੀਦਾ ਹੈ। ਇਸ ਦਿਨ ਸਾਨੂੰ ਸਾਰਿਆਂ ਨੂੰ ਸੀਨੀਅਰ ਨਾਗਰਿਕਾਂ ਦੇ ਨਾਲ ਸਮਾਂ ਬਿਤਾ ਕੇ, ਭਾਈਚਾਰਕ ਪ੍ਰੋਗਰਾਮ ਆਯੋਜਿਤ ਕਰਕੇ ਅਤੇ ਸੀਨੀਅਰ ਨਾਗਰਿਕਾਂ ਤੱਕ ਉਨ੍ਹਾਂ ਦੀ ਪਹੁੰਚ ਨੂੰ ਯਕੀਨੀ ਬਣਾ ਕੇ ਸੰਸਾਧਨਾਂ ਦੀ ਵਕਾਲਤ ਕਰਕੇ ਇਸ ਨੂੰ ਮੰਨਣਾ ਚਾਹੀਦਾ ਹੈ। ਆਪਣੇ ਸੰਬੋਧਨ ਦੌਰਾਨ, ਡਾਇਰੈਕਟਰ ਨੇ ਪੈਨਸ਼ਨ ਅਤੇ ਪੈਨਸ਼ਨਰਜ਼ ਵੈਲਫੇਅਰ ਡਿਪਾਰਟਮੈਂਟ ਵੱਲੋਂ ਕੀਤੇ ਗਏ ਵੱਖ-ਵੱਖ ਉਪਾਵਾਂ ਅਤੇ ਭਾਰਤ ਸਰਕਾਰ ਦੀਆਂ ਨਵੀਨਤਮ ਨੀਤੀਆਂ ਨੂੰ ਉਜਾਗਰ ਕੀਤਾ।

ਪੈਨਸ਼ਨਰਜ਼ ਨੂੰ ਸੰਬੋਧਿਤ ਕਰਦੇ ਹੋਏ, ਸੰਯੁਕਤ ਸੀਸੀਏ ਡਾ. ਮਨਦੀਪ ਸਿੰਘ ਨੇ ਰਾਸ਼ਟਰੀ ਸੀਨੀਅਰ ਨਾਗਰਿਕ ਦਿਵਸ 2025 ਦੀ ਥੀਮ, ਸਮਾਵੇਸ਼ੀ ਭਵਿੱਖ ਲਈ ਬਜ਼ੁਰਗਾਂ ਦੀ ਆਵਾਜ਼ ਨੂੰ ਸਸ਼ਕਤ ਬਣਾਉਣਾ ਨੂੰ ਉਜਾਗਰ ਕੀਤਾ। ਸੰਯੁਕਤ ਸੀਸੀਏ ਨੇ ਕਿਹਾ ਕਿ ਇਹ ਵਿਸ਼ਾ ਸਮਾਜ ਵਿੱਚ ਸੀਨੀਅਰ ਨਾਗਰਿਕਾਂ ਦੇ ਦ੍ਰਿਸ਼ਟੀਕੋਣ, ਅਨੁਭਵਾਂ ਅਤੇ ਗਿਆਨ ਨੂੰ ਪਹਿਚਾਣਨ ਅਤੇ ਵਧਾਉਣ ਦੇ ਮਹੱਤਵ 'ਤੇ ਜ਼ੋਰ ਦਿੰਦਾ ਹੈ। ਦਫ਼ਤਰ ਬਾਰੇ ਬੋਲਦੇ ਹੋਏ, ਸੰਯੁਕਤ ਸੀਸੀਏ ਨੇ ਦੱਸਿਆ ਕਿ ਦਫ਼ਤਰ ਪੈਨਸ਼ਨਰਜ਼ ਅਤੇ ਪਰਿਵਾਰਕ ਪੈਨਸ਼ਨਰਜ਼ ਦੀ ਭਲਾਈ ਲਈ ਭਾਰਤ ਸਰਕਾਰ ਦੇ ਨਿਰਦੇਸ਼ਾਂ ਅਤੇ ਦਿਸ਼ਾ-ਨਿਰਦੇਸ਼ਾਂ ਨੂੰ ਲਾਗੂ ਕਰਨ ਲਈ ਪ੍ਰਤੀਬੱਧ ਹੈ। ਪੰਜਾਬ ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਕਲਿਆਣਕਾਰੀ ਉਪਾਅ ਦੇ ਰੂਪ ਵਿੱਚ ਕੈਂਪ ਦਾ ਆਯੋਜਨ ਕਰਕੇ, ਪੈਨਸ਼ਨਰਜ਼ ਦੀ ਭਲਾਈ ਲਈ ਸਰਕਾਰ ਦੁਆਰਾ ਕੀਤੇ ਗਏ ਨਵੀਨਤਮ ਉਪਾਵਾਂ ਬਾਰੇ ਜਾਣਕਾਰੀ ਪ੍ਰਸਾਰਿਤ ਕਰਨ ਅਤੇ ਪੈਨਸ਼ਨਰਜ਼ ਨੂੰ ਸਿੱਖਿਅਤ ਕਰਨ ਲਈ ਪੰਜਾਬ ਰਾਜ ਵਿੱਚ ਦਸ ਹਜ਼ਾਰ ਤੋਂ ਵਧ ਵਿਭਾਗੀ ਪੈਨਸ਼ਨਰਜ਼ ਨੂੰ ਸੇਵਾਵਾ ਪ੍ਰਦਾਨ ਕਰ ਰਿਹਾ ਹੈ।

ਸੰਯੁਕਤ ਸੀਸੀਏ ਨੇ ਇਹ ਵੀ ਦੱਸਿਆ ਕਿ ਇੱਕ ਕਦਮ ਅੱਗੇ ਵਧਾਉਂਦੇ ਹੋਏ, ਦਫ਼ਤਰ ਪੰਜਾਬ ਰਾਜ ਵਿੱਚ ਵੱਖ-ਵੱਖ ਅਧਿਕਾਰਿਕ ਕੈਂਪ ਦੇ ਨਾਲ-ਨਾਲ ਪੈਨਸ਼ਨਰਜ਼ ਲਈ ਕਲਿਆਣਕਾਰੀ ਉਪਾਅ ਦੇ ਰੂਪ ਵਿੱਚ ਹੈਲਥ ਕੈਂਪ ਅਤੇ ਹੈਲਥ ਬਾਰੇ ਵਿਚਾਰ-ਵਟਾਂਦਰੇ ਦਾ ਆਯੋਜਨ ਕਰਕੇ ਸਮਾਜ ਸੇਵਾ ਕਰ ਰਿਹਾ ਹੈ।ਸਮਾਪਤੀ ਸੈਸ਼ਨ ਵਿੱਚ ਸੁਪਰ ਸੀਨੀਅਰ ਪੈਨਸ਼ਨਰਜ਼ ਨੂੰ ਸਨਮਾਨ ਦੇ ਪ੍ਰਤੀਕ ਵਜੋਂ ਸਨਮਾਨਿਤ ਕੀਤਾ ਗਿਆ। ਮਾਣਯੋਗ ਪ੍ਰਧਾਨ ਮੰਤਰੀ ਦੁਆਰਾ ਦਿੱਤੇ ਗਏ ਵਿਸ਼ੇ ਏਕ ਪੇੜ ਮਾਂ ਕੇ ਨਾਮ ਨੂੰ ਉਜਾਗਰ ਕਰਦੇ ਹੋਏ, ਹਿੱਸਾ ਲੈਣ ਵਾਲੇ ਸਾਰੇ ਪੈਨਸ਼ਨਰਜ਼ ਨੂੰ ਪੌਦੇ ਵੀ ਵੰਡੇ ਗਏ।

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਵਿਸ਼ਵ ਉਦਮਤਾ ਦਿਵਸ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਵਿਸ਼ਵ ਉਦਮਤਾ ਦਿਵਸ 'ਤੇ ਕੀਤੇ ਵੱਡੇ ਐਲਾਨ

ਚੰਡੀਗੜ੍ਹ, 26 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਰਾਜ ਵਿੱਚ ਯੁਵਾ ਉਦਮਤਾ ਨੂੰ ਪ੍ਰੋਤਸਾਹਿਤ ਕਰਨ ਲਈ ਇੱਕ ਮਹਤੱਵਪੂਰਣ ਕਦਮ ਚੁੱਕਦੇ ਹੋਏ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਅੱਜ ਨੌਜੁਆਨਾਂ ਨੂੰ ਉਦਮਤਾ ਲਈ ਪ੍ਰੇਰਿਤ ਅਤੇ ਟ੍ਰੇਨਡ ਕਰਨ ਤਹਿਤ ਹਰਿਆਣਾ ਰਾਜ ਉਦਮਤਾ ਆਯੋਗ ਦੀ ਸਥਾਪਨਾ ਦਾ ਐਲਾਨ ਕੀਤਾ। ਉਨ੍ਹਾਂ ਨੇ ਇਸ ਗੱਲ 'ਤੇ ਜੋਰ ਦਿੱਤਾ ਕਿ ਸਰਕਾਰ ਹਰਿਆਣਾ ਨੂੰ ਦੇਸ਼ ਦਾ ਨੰਬਰ ਇੱਕ ਸਟਾਰਟਅੱਪ ਹੱਬ ਬਨਾਉਣ ਲਈ ਪ੍ਰਤੀਬੱਧ ਹੈ, ਜਿਸ ਦਾ ਟੀਚਾ ਸੂਬੇ ਵਿੱਚ ਸਟਾਰਟਅੱਪ ਦੀ ਗਿਣਤੀ ਨੂੰ ਤਿੰਨ ਗੁਣਾ ਕਰਨਾ ਹੈ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੈ ਚੌਧਰੀ ਚਰਣ ਸਿੰਘ ਹਰਿਆਣਾ ਖੇਤੀਬਾੜੀ ਯੂਨੀਵਰਸਿਟੀ , ਹਿਸਾਰ ਵਿੱਚ ਵਿਸ਼ਵ ਉਦਮਤਾ ਦਿਵਸ ਮੌਕੇ 'ਤੇ ਆਯੋਜਿਤ ਰਾਜ ਪੱਧਰੀ ਪ੍ਰੋਗਰਾਮ ਨੂੰ ਸੰਬੋਧਿਤ ਕਰਦੇ ਹੋਏ ਕਈ ਹੋਰ ਐਲਾਨ ਕੀਤੇ। ਇਸ ਮੌਕੇ 'ਤੇ ਜਨ ਸਿਹਤ ਇੰਜੀਨੀਅਰਿੰਗ ਮੰਤਰੀ ਸ੍ਰੀ ਰਣਬੀਰ ਗੰਗਵਾ ਅਤੇ ਯੁਵਾ ਅਧਿਕਾਰਤਾ ਅਤੇ ਉਦਮਤਾ ਮੰਤਰੀ ਸ੍ਰੀ ਗੌਰਵ ਗੌਤਮ ਵੀ ਮੌਜੂਦ ਸਨ। ਇਸ ਪ੍ਰੋਗਰਾਮ ਵਿੱਚ ਪੂਰੇ ਸੂਬੇ ਦੇ ਵੱਖ-ਵੱਖ ਯੂਨੀਵਰਸਿਟੀਆਂ, ਕਾਲਜਾਂ, ਸਕੂਲਾਂ ਅਤੇ ਉਦਯੋਗਿਕ ਸਿਖਲਾਈ ਅਦਾਰਿਆਂ ਦੇ ਲਗਭਗ 2,000 ਵਿਦਿਆਰਥੀਆਂ ਦੇ ਨਾਲ-ਨਾਲ ਵੱਖ-ਵੱਖ ਖੇਤਰਾਂ ਦੇ ਲਗਭਗ 100 ਸਫਲ ਉਦਮੀਆਂ ਨੇ ਹਿੱਸਾ ਲਿਆ। ਇਸ ਮੌਕੇ 'ਤੇ ਮੁੱਖ ਮੰਤਰੀ ਨੇ ਏਬੀਆਈਸੀ, ਸੀਸੀਐਸਐਚਏਯੂ,

ਹਿਸਾਰ ਦੇ 22 ਸਟਾਰਟਅੱਪ ਨੂੰ ਗ੍ਰਾਂਟ ਰਕਮ ਵਜੋਂ 1,14,30,000 ਰੁਪਏ ਤੋਂ ਵੱਧ ਦਾ ਚੈਕ ਪ੍ਰਦਾਨ ਕੀਤਾ। ਸਾਰੇ ਸਕੂਲਾਂ ਅਤੇ ਕਾਲਜਾਂ ਵਿੱਚ ਸਟਾਰਟਅੱਪ ਆਈਡਿਆ ਸਲੋਗਨ ਮੁਕਾਬਲੇ ਆਯੋਜਿਤ ਕੀਤੇ ਜਾਣਗੇ, ਜਿਸ ਵਿੱਚ 1 ਕਰੋੜ ਰੁਪਏ ਤੱਕ ਦੀ ਇਨਾਮੀ ਰਕਮ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਸਟਾਰਟਅੱਪ ਵਿੱਚ ਵਿਕਸਿਤ ਹੋਣ ਵਾਲੇ ਵਿਚਾਰਾਂ ਨੂੰ ਸਟਾਰਟਅੱਪ ਨੀਤੀ ਤਹਿਤ ਸਰਕਾਰ ਤੋਂ ਪੂਰਾ ਮਾਈਫਰੋਫਾਇਨੈਂਸ ਸਹਾਇਤਾ ਮਿਲੇਗੀ। ਉਨ੍ਹਾਂ ਨੇ ਇਹ ਵੀ ਐਲਾਨ ਕੀਤਾ ਕਿ ਵੋਕਲ ਫਾਰ ਲੋਕਲ ਪਹਿਲ ਨੂੰ ਪ੍ਰੋਤਸਾਹਨ ਦੇਣ ਲਈ ਸਵਦੇਸ਼ੀ ਮੇਲੇ ਆਯੋਜਿਤ ਕੀਤੇ ਜਾਣਗੇ, ਜਿਸ ਵਿੱਚ ਜਿਲ੍ਹਾ ਪ੍ਰਸ਼ਾਸ਼ਨ ਦਾ ਪੂਰਾ ਸਹਿਯੋਗ ਮਿਲੇਗਾ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬਾ ਸਰਕਾਰ ਨਿਜੀ ਨਿਵੇਸ਼ਕਾਂ ਨੂੰ ਇੱਕ ਫੰਡ ਆਫ ਫੰਡ ਬਨਾਉਣ ਲਈ ਪ੍ਰੋਤਸਾਹਿਤ ਕਰ ਰਹੀ ਹੈ ੧ ਸਥਾਨਕ ਸਟਾਰਟਅੱਪ ਵਿੱਚ ਨਿਵੇਸ਼ ਕਰ ਕੇ ਹਰਿਆਣਾ ਨੂੰ ਇਨੋਵੇਸ਼ਨ ਅਤੇ ਉਦਮਤਾ ਦਾ ਇੱਕ ਪ੍ਰਮੁੱਖ ਕੇਂਦਰ ਬਣਾਏਗਾ।

2,000 ਗਰੈਜੂਏਟ ਅਤੇ ਪੋਸਟ ਗਰੈਜੂਏਟ ਵਿਦਿਆਰਥੀਆਂ ਨੂੰ ਵੱਖ-ਵੱਖ ਉਦਯੋਗਾਂ ਵਿੱਚ ਇੰਟਰਨਸ਼ਿਪ ਦੇ ਮੌਕੇ ਮਿਲਣਗੇ ਉਨ੍ਹਾਂ ਨੇ ਐਲਾਨ ਕੀਤਾ ਕਿ ਰਾਜ ਦੇ ਹਰੇਕ ਜਿਲ੍ਹੇ ਵਿੱਚ ਪਬਲਿਕ-ਨਿਜੀ ਭਾਗੀਦਾਰੀ (ਪੀਪੀਪੀ) ਮਾਡਲ ਤਹਿਤ ਐਕਸੀਲੈਂਸ ਕੇਂਦਰ ਸਥਾਪਿਤ ਕੀਤੇ ਜਾਣਗੇ। ਨੌਜੁਆਨਾਂ ਦੇ ਸਕਿਲ ਦੀ ਪਹਿਚਾਣ ਅਤੇ ਵਿਕਾਸ ਲਈ, ਜਿਲ੍ਹਾ ਅਤੇ ਸੂਬਾ ਪੱਧਰ 'ਤੇ ਪ੍ਰਤੀ ਸਾਲ ਸਕਿਲ ਮੁਕਾਬਲੇ ਆਯੋਜਿਤ ਕੀਤੇ ਜ

ਤੁਹਾਡੀ ਰਸੋਈ

ਸੂਜੀ ਦੇ ਰਸਗੁੱਲੇ

ਮਿੱਠਾ ਖਾਣਾ ਹਰ ਕਿਸੇ ਨੂੰ ਪਸੰਦ ਹੁੰਦਾ ਹੈ ਮਿੱਠੇ ਵਿੱਚ ਕਈ ਤਰ੍ਹਾਂ ਦੀਆਂ ਮਿੱਠਾਈਆਂ ਮੌਜੂਦ ਹਨ ਜੇ ਤੁਸੀਂ ਵੀ ਮਿੱਠਾ ਖਾਣ ਦੇ ਸ਼ੌਕੀਨ ਹੋ ਤਾਂ ਚਾਵਲ ਦੇ ਰਸਗੁੱਲੇ ਤੋਂ ਬਾਅਦ ਹੁਣ ਟ੍ਰਾਈ ਕਰੋ ਸੂਜੀ ਦੇ ਰਸਗੁੱਲੇ। ਆਓ ਜਾਣਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ

ਸਮੱਗਰੀ

ਸੂਜੀ
2 ਵੱਡੇ ਚਮੱਚ ਦੇਸੀ ਘਿਓ
1 ਵੱਡੀ ਕੋਲੀ ਦੁੱਧ
3 ਵੱਡੇ ਚਮੱਚ ਖੰਡ
ਅੱਧਾ ਕੱਪ ਬਾਰੀਕ ਕੱਟੇ ਹੋਏ ਡਰਾਈ ਫ਼ਰੂਟਸ
ਪਾਣੀ ਜ਼ਰੂਰਤ ਮੁਤਾਬਕ
ਬਾਰੀਕ ਕੱਟਿਆਂ ਹੋਇਆ ਪਿਸਤਾ
1 ਚੁਟਕੀ ਕੇਸਰ

ਬਣਾਉਣ ਦੀ ਵਿਧੀ

ਘੱਟ ਗੈਸ 'ਤੇ ਇੱਕ ਪੈਨ ਵਿੱਚ ਦੁੱਧ ਅਤੇ ਖੰਡ ਪਾ ਕੇ ਉਬਲਣ ਲਈ ਰੱਖੋ।
ਹੌਲੀ-ਹੌਲੀ ਕੜਛੀ ਚਲਾਉਂਦੇ ਹੋਏ ਸੂਜੀ ਪਾਓ ਤਾਂ ਕਿ ਕੋਈ ਗੰਢ ਨਾ ਰਹਿ ਜਾਵੇ.
ਕੜਛੀ ਨਾਲ ਲਗਾਤਾਰ ਚਲਾਉਂਦੇ ਰਹੋ ਜਦੋਂ ਤੱਕ ਸੂਜੀ ਪੂਰੀ ਤਰ੍ਹਾਂ ਨਾਲ ਗਾੜੀ ਨਾ ਹੋ ਜਾਵੇ।
ਸੂਜੀ ਦੇ ਸੰਘਣਾ ਹੁੰਦੇ ਹੀ ਇਸ ਨੂੰ ਠੰਡਾ ਹੋਣ ਲਈ ਰੱਖ ਦਿਓ।
ਸੂਜੀ ਦੇ ਠੰਡੇ ਹੁੰਦੇ ਹੀ ਹਥੇਲੀਆਂ ਵਿੱਚ ਪੇੜਾ ਲੈ ਕੇ ਚਪਟਾ ਬਣਾ ਲਓ। ਚਿਕਣਾ ਕਰਕੇ ਘਿਓ ਲਗਾ ਲਓ।
ਫ਼ਿਰ ਸੂਜੀ ਦੇ ਵਿੱਚ ਡਰਾਈ ਫ਼ਰੂਟ ਭਰੋ। ਫ਼ਿਰ ਗੋਲ ਅਕਾਰ ਦੇ ਕੇ ਰਸਗੁੱਲੇ ਬਣਾ ਲਓ।
ਘੱਟ ਗੈਸ 'ਤੇ ਇੱਕ ਪੈਨ ਵਿੱਚ ਖੰਡ ਅਤੇ ਪਾਣੀ ਮਿਲਾ ਕੇ ਚਾਸ਼ਨੀ ਤਿਆਰ ਕਰ ਲਓ।
ਚਾਸ਼ਨੀ ਦੇ ਤਿਆਰ ਹੁੰਦੇ ਹੀ ਰਸਗੁੱਲੇ ਨੂੰ ਚਾਸ਼ਨੀ ਵਿੱਚ ਪਾ ਲਓ ਅਤੇ ਢੱਕ ਕੇ 2 ਤੋਂ 3 ਮਿੰਟ ਤੱਕ ਪਕਾਓ।
ਤੈਅ ਸਮੇਂ ਤੋਂ ਬਾਅਦ ਗੈਸ ਬੰਦ ਕਰ ਦਿਓ ਅਤੇ ਸੂਜੀ ਦੇ ਰਸਗੁੱਲੇ , ਬਾਰੀਕ ਕੱਟੇ ਪਿਸਤੇ ਅਤੇ ਕੇਸਰ ਨਾਲ ਗਾਰਨਿਸ਼ ਕਰ ਕੇ ਸਰਵ ਕਰੋ।

ਲੀਚੀ ਆਈਸਕਰੀਮ

ਗਰਮੀ ਦੇ ਮੌਸਮ ਵਿੱਚ ਆਈਸਕਰੀਮ ਨੂੰ ਕੋਈ ਮਨ੍ਹਾ ਨਹੀਂ ਕਰ ਸਕਦਾ, ਜੋ ਤੁਸੀਂ ਵੀ ਆਈਸਕਰੀਮ ਵਿੱਚ ਨਵਾਂ ਫ਼ਲੇਵਰ ਟ੍ਰਾਈ ਕਰਨਾ ਚਾਹੁੰਦੇ ਹੋ ਤਾਂ ਅੱਜ ਹੀ ਘਰ ਵਿੱਚ ਬਣਾ ਲਓ ਸੁਆਦੀ ਆਈਸਕਰੀਮ। ਜੋ ਖਾਣ ਵਿੱਚ ਕਾਫ਼ੀ ਸੁਆਦ ਹੋਵੇਗੀ ਆਓ ਜਾਣਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ

ਸਮੱਗਰੀ

10-12 ਲੀਚੀ
1 ਕੱਪ ਕਰੀਮ
ਅੱਧਾ ਕੱਪ ਖੰਡ
2 ਵੱਡੇ ਚੱਮਚ ਸੁੱਕੇ ਮੇਵੇ

ਬਣਾਉਣ ਦੀ ਵਿਧੀ

ਸੱਭ ਤੋਂ ਪਹਿਲਾਂ ਖੰਡ ਵਿੱਚ ਕਰੀਮ ਮਿਲਾ ਕੇ 10 ਤੋਂ 15 ਮਿੰਟਾਂ ਤੱਕ ਚੰਗੀ ਤਰ੍ਹਾਂ ਨਾਸਲ ਫ਼ੈਂਟ ਲਓ। ਸੁੱਕੇ ਮੇਵਿਆਂ ਨੂੰ ਬਾਰੀਕ ਕੱਟ ਲਓ। ਫ਼ੈਂਟੀ ਹੋਈ ਕਰੀਮ ਵਿੱਚ ਲੀਚੀ ਦੇ ਟੁੱਕੜੇ ਅਤੇ ਮੇਵੇ ਮਿਲਾਓ। ਫ਼ਿਰ ਇਸ ਮਿਸ਼ਰਣ ਨੂੰ ਫ਼ਰਿੱਜ਼ ਵਿੱਚ ਜੰਮਣ ਲਈ ਰੱਖ ਦਿਓ।

ਜਦੋਂ ਆਈਸਕਰੀਮ ਜੰਮ ਜਾਵੇ ਤਾਂ ਇਸ ਨੂੰ ਬਾਹਰ ਕੱਢ ਕੇ ਇੱਕ ਵਾਰੀ ਚੰਗੀ ਤਰ੍ਹਾਂ ਨਾਲ ਫ਼ੈਂਟ ਲਓ ਅਤੇ ਦੌਬਾਰਾ ਜੰਮਣ ਲਈ ਰੱਖੋ। ਲੀਚੀ ਆਈਸਕਰੀ ਤਿਆਰ ਹੈ, ਇਸ ਨੂੰ ਆਪਣੀ ਪਸੰਦ ਦੀ ਸ਼ੇਪ ਨਾਲ ਗਾਰਨਿਸ਼ ਕਰਕੇ ਇਸ ਦਾ ਸੁਆਦ ਲਓ।

ਮਸਾਲਾ ਰਵਾ ਇਡਲੀ

ਕਈ ਲੋਕ ਇਡਲੀ ਖਾਣ ਦੇ ਸ਼ੌਕੀਨ ਹੁੰਦੇ ਹਨ। ਸੂਜੀ ਦੀ ਇਡਲੀ ਬਣਾਉਣਾ ਕਾਫ਼ੀ ਆਸਾਨ ਹੁੰਦਾ ਹੈ ਅੱਜ ਅਸੀਂ ਤੁਹਾਨੂੰ ਇਡਲੀ ਬਣਾਉਣ ਦੀ ਵਿਧੀ ਬਾਰੇ ਦੱਸਣ ਜਾ ਰਹੇ ਹਾਂ ਆਓ ਜਾਣਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ

ਸਮੱਗਰੀ

2 ਚਮੱਚ ਤੇਲ
2 ਚਮੱਚ ਸਰੋਂ ਦੇ ਬੀਜ
8 ਕੜੀ ਪੱਤੇ
2 ਚਮੱਚ ਸਫ਼ੇਤ ਮਸੂਰ
60 ਗ੍ਰਾਮ ਗਾਜਰ
2 ਹਰੀ ਮਿਰਚ
350 ਗ੍ਰਾਮ ਸੂਜੀ
2 ਚੱਮਚ ਭੂਣੇ ਹੋਏ ਕਾਜੂ
245 ਗ੍ਰਾਮ ਦਹੀਂ
ਪਾਣੀ
1 ਚਮੱਚ ਨਮਕ
2 ਚੱਮਚ ਫ਼ਰੂਟ ਸਾਲਟ

ਬਣਾਉਣ ਦੀ ਵਿਧੀ

ਇੱਕ ਕੜਾਈ ਵਿੱਚ ਤੇਲ ਗਰਮ ਕਰਕੇ ਸਰੋਂ ਦੇ ਬੀਜ ਅਤੇ ਕੜੀ ਪੱਤਾ ਪਾ ਕੇ ਭੁੱਣ ਲਓ।
ਫ਼ਿਰ ਇਸ ਵਿੱਚ ਸਫ਼ੇਰ ਮਸੂਰ, ਗਾਜਰ ਅਤੇ ਹਰੀ ਮਿਰਚ ਪਾ ਕੇ ਭੁੱਣ ਲਓ।
ਫ਼ਿਰ ਇਸ ਵਿੱਚ ਸੂਜੀ ਪਾ ਕੇ 3-5 ਮਿੰਟ ਲਈ ਪਕਾਓ।
ਫ਼ਿਰ ਗੈਸ ਬੰਦ ਕਰ ਦਿਓ.
ਇਸ ਤੋਂ ਬਾਅਦ ਇਸ ਵਿੱਚ ਭੁੱਣੇ ਹੋਏ ਕਾਜੂ ਅਤੇ ਦਹੀਂ ਮਿਕਸ ਕਰੋ। ਫ਼ਿਰ ਇਸ ਵਿੱਚ ਪਾਣੀ ,ਨਮਕ ਅਤੇ ਫ਼ਰੂਟ ਸਾਲਟ ਪਾ ਕੇ ਮਿਕਸ ਕਰੋ।
ਫ਼ਿਰ ਇਸ ਮਿਕਸਰ ਨੂੰ ਗ੍ਰੀਸ ਕੀਤੀ ਹੋਈ ਇਡਲੀ ਮੋਲਡਸ ਵਿੱਚ ਪਾਓ।
ਇਸ ਤੋਂ ਬਾਅਦ ਸਟੈਂਡ ਨੂੰ ਪੋਟ ਵਿੱਚ ਰੱਖੋ ਅਤੇ 10-15 ਮਿੰਟ ਲਈ ਭਾਫ਼ ਦਿਓ। ਰਵਾ ਇਡਲੀ ਤਿਆਰ ਹੈ। ਇਸ ਨੂੰ ਨਾਰੀਅਲ ਦੀ ਚਟਨੀ ਨਾਲ ਸਰਵ ਕਰੋ।

ਪੰਜਾਬ ਤੀਆਂ ਤਿਉਹਾਰ

➢ ਨਿਰਮਲ ਜੌੜਾ

ਪੰਜਾਬ ਆਪਣੇ ਕੰਮ ਸੱਭਿਆਚਾਰ, ਇਤਿਹਾਸ, ਆਸਥਾ, ਰੀਤੀ ਰਿਵਾਜ ਅਤੇ ਭੂਗੋਲਿਕ ਮਹੱਤਤਾ ਨਾਲ ਜੁੜੇ ਮੇਲਿਆਂ ਤੇ ਤਿਉਹਾਰਾਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਹੈ। ਸਾਉਣ ਮਹੀਨੇ ਲੱਗਦੀਆਂ ਤੀਆਂ ਦਾ ਤਿਉਹਾਰ ਮੌਸਮ ਦੇ ਸੁਹਾਵਣੇਪਣ ਨਾਲ ਸਬੰਧ ਰੱਖਦਾ ਹੈ। ਤੀਆਂ ਪੰਜਾਬ ਦੀਆਂ ਮੁਟਿਆਰਾਂ ਦਾ ਮਨਭਾਉਂਦਾ ਤਿਉਹਾਰ ਹੈ। ਪਿੰਡ ਦੀਆਂ ਕੁੜੀਆਂ, ਖ਼ਾਸਕਰ ਵਿਆਹੀਆਂ ਵਰ੍ਹੀਆਂ, ਸਾਉਣ ਮਹੀਨੇ ਤੀਆਂ ਦੇ ਬਹਾਨੇ ਪੇਕੇ ਆਉਂਦੀਆਂ ਤਾਂ ਸਭ ਇਕੱਠੀਆਂ ਹੋ ਚਿੜੀਆਂ ਬਣ ਜਾਂਦੀਆਂ ਹਨ। ਨੱਚਣ ਟੱਪਣ, ਹੱਸਣ ਖੇਡਣ ਦੇ ਨਾਲ ਨਾਲ ਚਾਵਾਂ, ਰੀਝਾਂ, ਉਮੰਗਾਂ ਭਰੀ ਸਹੇਲਪੁਣੇ ਦੀ ਗੁਫ਼ਤਗੂ ਦਾ ਸਰੂਰ ਵੀ ਉਨ੍ਹਾਂ ਲਈ ਇਸ ਤਿਉਹਾਰ ਦੀ ਖ਼ੁਸ਼ੀ ਦੁੱਗਣੀ ਕਰ ਦਿੰਦਾ ਹੈ। ਸਾਉਣ ਮਹੀਨੇ ਦੇ ਚਾਨਣ ਪੱਖ ਦੀ ਤੀਜੀ ਤਿੱਥ ਨੂੰ ਤੀਆਂ ਦਾ ਤਿਉਹਾਰ ਮਨਾਇਆ ਜਾਂਦਾ ਹੈ। ਇਸੇ ਕਰਕੇ 'ਤੀਆਂ ਤੀਜ ਦੀਆਂ' ਬਣੀਆਂ। ਕਈ ਥਾਂਈ ਇਹ ਤਿਉਹਾਰ ਤੀਜ ਨੂੰ ਸ਼ੁਰੂ ਹੋ ਕੇ ਪੂਰਨਮਾਸ਼ੀ ਤਕ ਮਨਾਇਆ ਜਾਂਦਾ ਹੈ।

ਭਾਰਤ ਦੇ ਕਈ ਹੋਰ ਸੂਬਿਆਂ ਵਿੱਚ ਵੀ ਤੀਆਂ ਦਾ ਤਿਉਹਾਰ ਪ੍ਰਚੱਲਿਤ ਹੈ, ਪਰ ਵੱਖ ਵੱਖ ਤਰੀਕਿਆਂ ਤੇ ਵਿਚਾਰਧਾਰਾ ਨਾਲ ਕਿਤੇ ਇਸ ਨੂੰ ਕੰਮ ਧੰਦੇ ਅਤੇ ਕਿਤੇ ਦੇਵੀ ਦੇਵਤਿਆਂ ਦੀ ਪੂਜਾ ਨਾਲ ਜੋੜ ਕੇ ਮਨਾਇਆ ਜਾਂਦਾ ਹੈ। ਪੰਜਾਬ ਵਿੱਚ ਇਹ ਨਿਰੋਲ ਕੁਦਰਤ ਨਾਲ ਜੁੜਿਆ ਤਿਉਹਾਰ ਹੈ। ਮੁਟਿਆਰਾਂ ਕੁਦਰਤ ਨਾਲ ਇਕਮਿਕ ਹੋ ਕੇ ਪੀਂਘਾਂ ਝੂਟਦੀਆਂ, ਹੱਸਦੀਆਂ ਖੇਡਦੀਆਂ, ਗਿੱਧੇ ਪਾਉਂਦੀਆਂ ਤੇ ਗੀਤ ਗਾਉਂਦੀਆਂ ਹਨ। ਉਹ ਇਸ ਮੌਸਮ ਨੂੰ ਰੂਹ ਤੋਂ ਹੰਢਾਉਂਦੀਆਂ ਨਜ਼ਰ ਆਉਂਦੀਆਂ ਹਨ। ਮਨਾ ਦੀਆਂ ਤਰੰਗਾਂ ਆਸਮਾਨੀਂ ਉਡਾਰੀ ਭਰਦੀਆਂ ਹਨ।

ਸੌਣ ਮਹੀਨੇ ਬੱਦਲ ਪੈਂਦਾ ਨਿੰਮੀਆਂ ਪੈਣ ਫੁਹਾਰਾਂ।
'ਕੱਠੀਆਂ ਹੋ ਕੇ ਆਈਆਂ ਗਿੱਧੇ ਵਿੱਚ ਇੱਕੋ ਜਿਹੀਆਂ ਮੁਟਿਆਰਾਂ।
ਗਿੱਧੇ ਦੇ ਵਿੱਚ ਏਦਾਂ ਲਿਸ਼ਕਣ ਜਿਉਂ ਸੋਨੇ ਦੀਆਂ ਤਾਰਾਂ।
ਦੂਹਰੀਆਂ ਹੋ ਕੇ ਨੱਚਣ ਲੱਗੀਆਂ ਜਿਉਂ ਕੂੰਜਾਂ ਦੀਆਂ ਡਾਰਾਂ।
ਜੋਰ ਜਵਾਨੀ ਦਾ ਲੁੱਟ ਲਉ ਮੌਜ ਬਹਾਰਾਂ।

ਬਲਿਹਾਰੀ ਕੁਦਰਤ ਵਸਿਆ ਦਾ ਨਜ਼ਾਰਾ ਪੇਸ਼ ਕਰਦਾ ਸਾਉਣ ਮਹੀਨੇ ਦਾ ਮੌਸਮ ਸੁਹਾਵਣਾ ਹੁੰਦਾ ਹੈ, ਮਨ ਲਈ ਵੀ ਤੇ ਤਨ ਲਈ ਵੀ। ਆਸਮਾਨੀਂ ਉੱਡਦੇ ਬੱਦਲ, ਘਟਾਵਾਂ ਅਤੇ ਕਿਣਮਿਣ ਅਜੀਬ ਕਿਸਮ ਦਾ ਹੁਲਾਸ ਤੇ ਹੁਲਾਰਾ ਦਿੰਦੇ ਹਨ। ਘਰਾਂ ਵਿੱਚ ਬਣਦੇ ਖੀਰ ਪੂੜੇ, ਗੁਲਗਲੇ ਅਤੇ ਹੋਰ ਖਾਣ ਪੀਣ ਦਾ ਬੱਚਿਆਂ ਅਤੇ ਸਿਆਣਿਆਂ, ਸਭ ਨੂੰ ਚਾਅ ਹੁੰਦਾ ਹੈ। ਸਾਉਣ ਦੇ ਮੇਘਲਿਆਂ ਦੀ ਗੱਲ ਬਾਬਾ ਬੁੱਲ੍ਹੇ ਸ਼ਾਹ ਇਉਂ ਕਰਦਾ ਹੈ:

ਸਾਵਣ ਸੋਹੇ ਮੇਘਲਾ ਘਟ ਸੋਹੇ ਕਰਤਾਰ।
ਠੌਰ ਠੌਰ ਇਨਾਇਤ ਬਸੇ ਪਪੀਹਾ ਕਰੇ ਪੁਕਾਰ।

ਮੌਸਮ ਦਾ ਸੁਹੱਪਣ ਰੂਹਾਂ 'ਤੇ ਜਾਦੂ ਕਰਦਾ ਹੈ। ਮੁਟਿਆਰਾਂ ਦੇ ਅੰਦਰੋਂ ਨੱਚਣ ਦੀ ਉਮੰਗ ਜਾਗਦੀ ਹੈ ਜਿਵੇਂ ਕਹਿੰਦੇ ਹੁੰਦੇ ਹਨ ਕਿ 'ਸਾਉਣ ਸੈਨਤਾਂ ਮਾਰੇ, ਨੱਚ ਲੈ ਹਾਣਦੀਏ'। ਨਸ਼ਿਆਈਆਂ ਰੂਹਾਂ ਨੂੰ ਮਾਹੌਲ ਦੇ ਇਸ਼ਾਰੇ ਸੋਨੇ 'ਤੇ ਸੁਹਾਗੇ ਵਾਂਗ ਬੋਲੀਆਂ ਪਾਉਣ ਅਤੇ ਨੱਚਣ ਦਾ ਬਲ ਬਖ਼ਸ਼ਦੇ ਹਨ:

ਸਾਉਣ ਮਹੀਨਾ ਦਿਨ ਤੀਆਂ ਦੇ ਸਭੇ ਸਹੇਲੀਆਂ ਆਈਆਂ
ਭਿੱਜ ਗਈ ਰੂਹ ਮਿੱਤਰਾ, ਸ਼ਾਮ ਘਟਾ ਚੜ੍ਹ ਆਈਆਂ।

ਇਹ ਬੋਲੀ ਕਾਦਰ ਦੀ ਕੁਦਰਤ ਵੱਲੋਂ ਸਿਰਜੇ ਸੁਹਾਵਣੇ ਅਤੇ ਰੂਹ ਦੀ ਤ੍ਰਿਪਤੀ ਵਾਲੇ ਮੌਸਮੀ ਦ੍ਰਿਸ਼ਾਂ ਨਾਲ ਗੂੜ੍ਹੀ ਮਿੱਤਰਤਾ ਨੂੰ ਮੁਖਾਤਬ ਹੁੰਦੀ ਹੈ। ਬਾਰਾਮਾਹ ਰਾਹੀਂ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ ਸਾਉਣ ਮਹੀਨੇ ਦੀ ਮਹੱਤਤਾ ਦੱਸੀ ਹੈ। ਪੰਜਾਬੀ ਦੇ ਸ਼ਾਇਰ ਬਾਬੂ ਫਿਰੋਜ਼ ਦੀਨ ਸ਼ਰਫ ਲਿਖਦੇ ਹਨ:

ਸਾਵਣ ਸੀਸ ਗੁੰਦਾ ਕੇ ਸਈਆਂ, ਹਾਰ ਸ਼ਿੰਗਾਰ ਲਗਾਏ ਨੇ।
ਸਿਰ 'ਤੇ ਸਾਲੂ ਸ਼ਗਨਾਂ ਵਾਲੇ, ਰੀਝਾਂ ਨਾਲ ਸਜਾਏ ਨੇ।
ਮਿੱਠੇ ਮਿੱਠੇ ਗੀਤ ਮਾਹੀ ਦੇ, ਸਭਨਾ ਰਲਮਿਲ ਗਾਏ ਨੇ।

ਸੁਭਾਅ, ਬਣਤਰ ਅਤੇ ਪੇਸ਼ਕਾਰੀ ਪੱਖ ਤੋਂ ਤੀਆਂ ਸ਼ੁੱਧ ਰੂਪ ਵਿੱਚ ਸਿਰਫ਼ ਕੁੜੀਆਂ ਦਾ ਤਿਉਹਾਰ ਹੈ। ਮਰਦਾਂ ਦਾ ਤੀਆਂ ਵਿੱਚ ਜਾਣਾ ਵਰਜਿਤ ਵੀ ਹੁੰਦਾ ਤੇ ਮਿਹਣਾ ਵੀ। ਇਸੇ ਕਰਕੇ ਤੀਆਂ ਦੇ ਪਿੜ ਲਈ ਪਿੰਡ ਦੀ ਵਸੋਂ ਤੋਂ ਥੋੜ੍ਹਾ ਦੂਰ ਜਗ੍ਹਾ ਨਿਸ਼ਚਿਤ ਕੀਤੀ ਜਾਂਦੀ ਹੈ ਜਿੱਥੋਂ ਨੱਚਣ ਟੱਪਣ ਅਤੇ ਰੌਲੇ ਰੱਪੇ ਦੀ ਆਵਾਜ਼ ਵੀ ਘਰਾਂ ਤਕ ਨਾ ਪਹੁੰਚ ਸਕੇ ਅਤੇ ਉਸ ਪਾਸੇ ਵੱਲ ਮੁੰਡੇ ਜਾਣ ਵੀ ਨਾ। ਪਿੰਡੋਂ ਬਾਹਰ ਦੀ ਕਿਸੇ ਸਾਂਝੀ ਜਗ੍ਹਾ ਵਿੱਚ ਪਿੱਪਲਾਂ, ਬੋਹੜਾਂ, ਟਾਹਲੀਆਂ ਵਰਗੇ ਦਰੱਖਤਾਂ ਦੀ ਛਾਂ ਹੇਠ ਕਈ ਕਈ ਦਿਨ ਰੰਗਲਾ ਮਾਹੌਲ ਬਣਿਆ ਰਹਿੰਦਾ। ਗਿੱਧੇ ਦੇ ਰੂਪ ਵਿੱਚ ਬੋਲੀਆਂ, ਤਮਾਸ਼ਿਆਂ ਰਾਹੀਂ ਮਨ ਦਾ ਗੁੱਭ-ਗੁਲ੍ਹਾਟ ਨਿਕਲਦਾ। ਕਈ ਗੱਲਾਂ ਜਿਹੜੀਆਂ ਸਿੱਧੇ ਵਾਰਤਾਲਾਪ ਵਿੱਚ ਨਹੀਂ ਹੋ ਸਕਦੀਆਂ, ਉਨ੍ਹਾਂ ਲਈ ਬੋਲੀਆਂ ਅਤੇ ਤਮਾਸ਼ੇ ਸਹਾਈ ਹੋ ਜਾਂਦੇ ਹਨ। ਮਨ ਵਿਚਲੀਆਂ ਗੱਲਾਂ ਨੂੰ ਸਖੀਆਂ ਨਾਲ ਸਾਂਝਾ ਕਰਕੇ ਹੌਲੀਆਂ ਫੁੱਲ ਵਰਗੀਆਂ ਹੋਈਆਂ ਕੁੜੀਆਂ ਪੇਕੇ ਘਰ, ਪੇਕੇ ਪਿੰਡ ਦੀ ਅਪਣੱਤ ਭਰੀ ਆਬੋ-ਹਵਾ ਵਿੱਚ ਸੁਖਾਵਾਂ ਸਾਹ ਲੈਂਦੀਆਂ ਪ੍ਰਤੀਤ ਹੁੰਦੀਆਂ ਹਨ।

ਸਾਉਣ ਮਹੀਨੇ ਇਕੱਠੀਆਂ ਹੋਈਆਂ ਕੁੜੀਆਂ ਭਾਦੋਂ ਚੜ੍ਹਦਿਆਂ ਹੀ ਤੀਆਂ ਦੀ 'ਬੱਲੋ' ਪਾ ਕੇ ਸਹੁਰੇ ਜਾਣ ਦੀ ਤਿਆਰੀ ਕਰਦੀਆਂ। ਬੱਲੋ ਦਾ ਤੋਂ ਭਾਵ ਤੀਆਂ ਦੀ ਸਮਾਪਤੀ ਹੈ। ਆਪਣੇ ਪੇਕੇ ਪਿੰਡ, ਬਾਬਲ ਦੇ ਘਰ, ਭੈਣਾਂ ਭਰਾਵਾਂ ਭਤੀਜਿਆਂ ਦੀ ਸੁੱਖ ਮੰਗਦੀਆਂ ਕੁੜੀਆਂ ਗਿੱਧੇ ਦੇ ਸਿਖਰ 'ਤੇ ਪਹੁੰਚ ਕੇ ਤੀਆਂ ਦੀ ਸਮਾਪਤੀ ਕਰਦੀਆਂ ਹਨ। ਪੇਕੇ ਆਈਆਂ ਕੁੜੀਆਂ ਨੂੰ ਪੇਕਾ ਘਰ ਛੱਡ ਕੇ ਸਹੁਰੇ ਵਾਪਸ ਜਾਣ ਦੀ ਉਦਾਸੀ ਹੋਣਾ ਸੁਭਾਵਿਕ ਹੈ। ਉਨ੍ਹਾਂ ਦੇ ਜਾਣ ਦੀ ਉਦਾਸੀ ਪਿੰਡ ਦੀਆਂ ਕੁਆਰੀਆਂ ਕੁੜੀਆਂ ਨੂੰ ਵੀ ਹੁੰਦੀ ਹੈ। ਸਿਖਰ ਦੇ ਮੇਲ-ਮਿਲਾਪੀ ਧਮੱਚੜ ਤੋਂ ਬਾਅਦ ਵਿਛੋੜਾ ਡਾਢਾ ਹੁੰਦਾ। ਇਸ ਲਈ ਮਿਲਾਪ ਦਾ ਸਿਹਰਾ ਸਾਉਣ ਮਹੀਨੇ ਨੂੰ ਤੇ ਵਿਛੋੜੇ ਦਾ ਭਾਂਡਾ ਭਾਦੋਂ ਦੇ ਸਿਰ ਭੱਜਦਾ:

ਸਾਉਣ ਵੀਰ 'ਕੱਠੀਆਂ ਕਰੇ, ਭਾਦੋਂ ਚੰਦਰੀ ਵਿਛੋੜੇ ਪਾਵੇ।

ਤੀਆਂ ਵਿੱਚ ਪੈਂਦੀਆਂ ਬੋਲੀਆਂ ਦੇ ਅਰਥ ਬੜੇ ਡੂੰਘੇ ਹੁੰਦੇ ਹਨ। ਸੱਸ, ਸਹੁਰੇ, ਜੇਠ, ਦਿਉਰ ਵੱਲੋਂ ਕਿਤੇ ਨਾ ਕਿਤੇ ਦਿਲ ਦੁਖਾਉਣ ਵਾਲੇ ਕੀਤੇ ਵਰਤਾਰੇ ਦਾ ਇਜ਼ਹਾਰ ਪੇਕੇ ਪਿੰਡ ਦੀਆਂ ਤੀਆਂ ਵਿੱਚ ਬੋਲੀਆਂ ਪਾ ਕੇ ਹੁੰਦਾ ਹੈ:

ਮੈਂ ਤਾਂ ਜੇਠ ਨੂੰ ਜੀ ਜੀ ਕਹਿੰਦੀ
ਮੈਨੂੰ ਕਹਿੰਦਾ ਫੋਟ
ਜੇਠ ਨੂੰ ਅੱਗ ਲੱਗਜੇ ਸਣੇ ਪਜਾਮੇ ਕੋਟ।

ਨਵੀਆਂ ਵਿਆਹੀਆਂ ਮੁਟਿਆਰਾਂ ਲਈ ਇਸ ਤਿਉਹਾਰ ਦੀ ਮਹੱਤਤਾ ਜ਼ਿਆਦਾ ਇਸ ਕਰਕੇ ਵੀ ਹੁੰਦੀ ਹੈ ਕਿਉਂਕਿ ਉਨ੍ਹਾਂ ਨੇ ਵਿਆਹ ਤੋਂ ਬਾਅਦ ਪਹਿਲੀ ਵਾਰ ਪੇਕੇ ਆਉਣਾ ਹੁੰਦਾ ਹੈ। ਤੀਆਂ ਬਹਾਨੇ ਕੁਝ ਦਿਨ ਪੇਕੇ ਰਹਿਣ ਅਤੇ ਪਰਿਵਾਰ ਤੇ ਸਹੇਲੀਆਂ ਨੂੰ ਮਿਲਣ-ਗਿਲਣ ਅਤੇ ਸਹੁਰਿਆਂ ਬਾਰੇ ਗੱਲਾਂਬਾਤਾਂ ਕਰਨ ਦਾ ਚੰਗਾ ਸਬੱਬ ਬਣਦਾ ਹੈ। ਵਿਆਹ ਔਰਤ ਦੀ ਜ਼ਿੰਦਗੀ ਦਾ ਵਿਲੱਖਣ ਮੋੜ ਹੈ। ਮਾਂ ਦੇ ਲਾਡ ਪਿਆਰ ਦਾ ਸੱਸ ਦੀਆਂ ਮੱਤਾਂ ਨਾਲ ਤਬਾਦਲਾ ਕਾਫ਼ੀ ਅਸਾਧਾਰਨ ਪ੍ਰਕਿਰਿਆ ਹੋਣ ਕਰਕੇ ਇਹ ਛੇਤੀ ਹਜ਼ਮ ਆਉਣ ਵਾਲਾ ਵਰਤਾਰਾ ਨਹੀਂ ਹੁੰਦਾ। ਇਹੀ ਵਰਤਾਰਾ ਸੱਸ ਅਤੇ ਨੂੰਹ ਵਿਚਲੀ ਖਹਿਬਾਜ਼ੀ ਦਾ ਸਭਿਆਚਾਰਕ ਦੁਖਾਂਤ ਬਣ ਜਾਂਦਾ ਹੈ। ਸੱਸ ਪ੍ਰਤੀ ਮਨ ਦੀ ਘਰੋੜਾਂ ਨੂੰ ਬਾਹਰ ਕੱਢਣ ਦਾ ਇੱਕੋ ਇੱਕ ਹੱਲ, ਗਿੱਧੇ ਦੀਆਂ ਬੋਲੀਆਂ ਹਨ ਅਤੇ ਤੀਆਂ ਇਸ ਲਈ ਢੁਕਵਾਂ ਸਮਾਂ ਹੁੰਦਾ ਹੈ। ਸੋ ਇਸ ਮੌਕੇ ਵਿਆਹੀਆਂ ਕੁੜੀਆਂ ਦੇ ਨਿਸ਼ਾਨੇ 'ਤੇ ਸੱਸ ਜ਼ਿਆਦਾ ਹੁੰਦੀ ਹੈ:

ਸੱਸ ਮੇਰੀ ਨੇ ਗੰਢੇ ਤੜਕੇ, ਵੀਰ ਮੇਰੇ ਨੂੰ ਭੂਕਾਂ
ਪੇਕੇ ਸੁਣਦੀ ਸੀ, ਸੱਸੇ ਤੇਰੀਆਂ ਕਰਤੂਤਾਂ।

ਬੋਲੀਆਂ ਰਾਹੀਂ ਕੁੜੀਆਂ ਆਪਣੇ ਮਨ ਦੇ ਗੁਬਾਰ ਕੱਢ ਕੇ ਖ਼ੁਸ਼ ਹੁੰਦੀਆਂ ਹਨ। ਸਿੱਧੇ ਰੂਪ ਵਿੱਚ ਅਜਿਹੀਆਂ ਗੱਲਾਂ ਹੋਣ ਨਾਲ ਮਨਾਂ ਵਿੱਚ ਕੁੜੱਤਣ ਆ ਸਕਦੀ ਹੈ, ਪਰ ਬੋਲੀ ਦੇ ਨਾਲ ਪੈਂਦਾ ਗਿੱਧਾ ਇਨ੍ਹਾਂ ਗੱਲਾਂਬਾਤਾਂ ਦਾ ਸੁਖਾਵਾਂ ਅਸਰ ਕਾਇਮ ਰੱਖਦਾ ਹੈ। ਇਸੇ ਤਰ੍ਹਾਂ ਕੁਆਰੀਆਂ ਕੁੜੀਆਂ ਆਪਣੇ ਮਨ ਦੀ ਗੱਲ ਬੋਲੀਆਂ ਰਾਹੀਂ ਆਪਣੇ ਬਾਪ, ਮਾਂ, ਵੀਰ, ਭਾਬੀ ਨੂੰ ਕਹਿ ਜਾਂਦੀਆਂ ਹਨ। 'ਮੈਨੂੰ ਵਿਆਹਦੇ ਅੰਮੀਏ, ਨੀਂ ਮੈਂ ਕੋਠੇ ਜਿੱਠੀ ਹੋਈ' ਵਰਗੀਆਂ ਬੋਲੀਆਂ ਰਾਹੀਂ ਲੰਘਦੀ ਜਾ ਰਹੀ ਆਪਣੀ ਵਿਆਹ ਦੀ ਉਮਰ ਦਾ ਅਹਿਸਾਸ ਵੀ

ਪੰਜਾਬ ਵਿਚ 55 ਲੱਖ ਲੋਕਾਂ ਨੂੰ ਮਿਲਦਾ ਮੁਫ਼ਤ ਰਾਸ਼ਨ ਬੰਦ ਕਰਨ ਲਈ ਸਾਜ਼ਿਸ਼ ਘੜ ਰਹੀ ਹੈ ਕੇਂਦਰ ਸਰਕਾਰ: ਭਗਵੰਤ ਮਾਨ

ਚੰਡੀਗੜ੍ਹ, 26 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੋਮਵਾਰ ਨੂੰ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਸੂਬੇ ਦੇ 55 ਲੱਖ ਲੋਕਾਂ ਨੂੰ ਮਿਲਣ ਵਾਲਾ ਮੁਫ਼ਤ ਰਾਸ਼ਨ ਬੰਦ ਕਰਨ ਲਈ 'ਸਾਜ਼ਿਸ਼' ਘੜਨ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਉਹ ਕੇਂਦਰ ਦੀ ਭਾਜਪਾ ਸਰਕਾਰ ਨੂੰ ਲੋਕਾਂ ਦੇ ਹੱਕ 'ਖੋਹਣ' ਨਹੀਂ ਦੇਣਗੇ।

ਪੰਜਾਬ ਦੇ ਲੋਕਾਂ ਦੇ ਨਾਂ ਇੱਕ ਲਿਖਤੀ ਸੰਦੇਸ਼ ਵਿੱਚ ਉਨ੍ਹਾਂ ਦੋਸ਼ ਲਗਾਇਆ ਕਿ ਕੇਂਦਰ ਸਰਕਾਰ ਨੇ ਇੱਕ ਹੁਕਮ ਜਾਰੀ ਕੀਤਾ ਹੈ ਕਿ ਸੂਬੇ ਦੇ 55 ਲੱਖ ਲੋਕਾਂ ਨੂੰ ਮਿਲਣ ਵਾਲਾ ਮੁਫ਼ਤ ਰਾਸ਼ਨ ਬੰਦ ਕਰ ਦਿੱਤਾ ਜਾਵੇਗਾ। ਇੱਕ ਹਫ਼ਤੇ ਅੰਦਰ ਇਹ ਦੂਜੀ ਵਾਰ ਹੈ ਜਦੋਂ ਮਾਨ ਨੇ ਕੇਂਦਰ 'ਤੇ ਕੌਮੀ ਖੁਰਾਕ ਸੁਰੱਖਿਆ ਐਕਟ ਤਹਿਤ ਲੋਕਾਂ ਦਾ ਰਾਸ਼ਨ ਬੰਦ ਕਰਨ ਦਾ ਦੋਸ਼ ਲਗਾਇਆ ਹੈ। ਉਧਰ ਕੇਂਦਰੀ ਖੁਰਾਕ ਤੇ ਖਪਤਕਾਰ ਮਾਮਲੇ ਮੰਤਰੀ ਪ੍ਰਹਿਲਾਦ ਜੋਸ਼ੀ ਮੁੱਖ ਮੰਤਰੀ ਭਗਵੰਤ ਮਾਨ ਦੇ ਉਪਰੋਕਤ ਦੋਸ਼ਾਂ ਨੂੰ 'ਝੂਠੇ ਤੇ ਗੁੰਮਰਾਹਕੁਨ' ਦੱਸ ਕੇ ਖਾਰਜ ਕਰ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਸਰਕਾਰ ਝੂਠ ਫੈਲਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਸੋਮਵਾਰ ਨੂੰ ਦੋਸ਼ ਲਗਾਇਆ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ 55 ਲੱਖ ਲੋਕਾਂ ਲਈ ਮੁਫ਼ਤ ਰਾਸ਼ਨ ਬੰਦ ਕਰਨ ਦਾ ਫੈਸਲਾ ਕੀਤਾ ਹੈ। ਮਾਨ ਨੇ ਲਿਖਿਆ, "ਤੁਹਾਡਾ ਨਾਮ ਵੀ ਉਸ ਸੂਚੀ ਵਿੱਚ ਹੈ। ਹੁਣ ਤੱਕ ਪੰਜਾਬ ਵਿੱਚ 1.53 ਕਰੋੜ ਲੋਕ ਰਾਸ਼ਨ ਪ੍ਰਾਪਤ ਕਰ ਰਹੇ ਸਨ, ਪਰ ਭਾਜਪਾ ਸਰਕਾਰ ਨੇ 55 ਲੱਖ ਲੋਕਾਂ ਲਈ ਇਹ ਸਹੂਲਤ ਖਤਮ ਕਰਨ ਦਾ ਫੈਸਲਾ ਕੀਤਾ ਹੈ।" ਮੁੱਖ ਮੰਤਰੀ ਨੇ ਕਿਹਾ, "ਹਰੇਕ ਤਿੰਨ ਗਰੀਬ ਪਰਿਵਾਰਾਂ ਵਿੱਚੋਂ ਇੱਕ ਨੂੰ ਰਾਸ਼ਨ ਤੋਂ ਵਾਂਝਾ ਕੀਤਾ ਜਾ ਰਿਹਾ ਹੈ। ਇਹ ਸਿਰਫ਼ ਸਰਕਾਰੀ ਫੈਸਲਾ ਨਹੀਂ ਹੈ, ਇਹ ਪੰਜਾਬ ਦੇ ਗਰੀਬਾਂ, ਮਜ਼ਦੂਰਾਂ, ਕਿਸਾਨਾਂ ਅਤੇ ਆਮ ਪਰਿਵਾਰਾਂ ਦੀਆਂ ਥਾਲੀਆਂ 'ਤੇ ਸਿੱਧਾ ਹਮਲਾ ਹੈ।" ਮਾਨ ਨੇ ਦਾਅਵਾ ਕੀਤਾ ਕਿ ਜੁਲਾਈ ਤੋਂ ਕੇਂਦਰ ਸਰਕਾਰ ਨੇ ਪੰਜਾਬ ਦੇ 23 ਲੱਖ ਗਰੀਬ ਲੋਕਾਂ ਨੂੰ ਰਾਸ਼ਨ ਇਹ ਕਹਿ ਕੇ ਰੋਕ ਦਿੱਤਾ ਹੈ ਕਿ ਉਨ੍ਹਾਂ ਨੇ ਈ-ਕੇਵਾਈਸੀ ਅਮਲ ਪੂਰਾ ਨਹੀਂ ਕੀਤਾ ਹੈ।

ਉਨ੍ਹਾਂ ਦਾਅਵਾ ਕੀਤਾ, "ਭਾਜਪਾ ਸਤੰਬਰ ਤੋਂ ਕਰੀਬ 32 ਲੱਖ ਹੋਰ ਪੰਜਾਬੀਆਂ ਦਾ ਰਾਸ਼ਨ ਇਹ ਕਹਿ ਕੇ ਬੰਦ ਕਰਨ ਜਾ ਰਹੀ ਹੈ ਕਿ ਇਹ ਲੋਕ ਗਰੀਬ ਨਹੀਂ ਹਨ। ਭਾਜਪਾ ਕੁੱਲ 55 ਲੱਖ ਗਰੀਬ ਲੋਕਾਂ ਦਾ ਰਾਸ਼ਨ ਬੰਦ ਕਰਨ ਦੀ ਯੋਜਨਾ ਬਣਾ ਰਹੀ ਹੈ।" ਉਨ੍ਹਾਂ ਸਵਾਲ ਕੀਤਾ, "ਜ਼ਰਾ ਸੋਚੋ; ਅਸੀਂ, ਪੰਜਾਬ ਦੇ ਲੋਕ, ਅਨਾਜ ਉਗਾਉਂਦੇ ਹਾਂ ਅਤੇ ਪੂਰੇ ਦੇਸ਼ ਨੂੰ ਖੁਆਉਂਦੇ ਹਾਂ, ਅਤੇ ਅੱਜ ਕੇਂਦਰ ਸਰਕਾਰ ਉਸੇ ਪੰਜਾਬ ਦੀ ਥਾਲੀ ਵਿੱਚੋਂ ਰੋਟੀ ਦਾ ਇੱਕ ਟੁਕੜਾ ਖੋਹਣ 'ਤੇ ਤੁਲੀ ਹੋਈ ਹੈ। ਕੀ ਇਹ ਸਹੀ ਹੈ ?।"

ਮਾਨ ਨੇ ਮਾਪਦੰਡਾਂ 'ਤੇ ਸਵਾਲ ਉਠਾਉਂਦੇ ਹੋਏ ਕਿਹਾ, "ਭਾਜਪਾ ਕਹਿੰਦੀ ਹੈ ਕਿ ਇਨ੍ਹਾਂ ਵਿੱਚੋਂ ਕੁਝ ਲੋਕਾਂ ਕੋਲ ਕਾਰਾਂ ਹਨ, ਕੁਝ ਆਮਦਨ ਟੈਕਸ ਦਿੰਦੇ ਹਨ, ਕੁਝ ਕੋਲ 2.50 ਏਕੜ ਤੋਂ ਵੱਧ ਜ਼ਮੀਨ ਹੈ, ਅਤੇ ਕੁਝ ਪਰਿਵਾਰਾਂ ਕੋਲ ਨੌਕਰੀ ਹੈ - ਇਸ ਲਈ ਇਹ ਲੋਕ ਗਰੀਬ ਨਹੀਂ ਹਨ।" ਮੁੱਖ ਮੰਤਰੀ ਨੇ ਪੁੱਛਿਆ, "ਜੇਕਰ ਘਰ ਵਿੱਚ ਇੱਕ ਵਿਅਕਤੀ ਕੰਮ ਕਰਦਾ ਹੈ ਜਾਂ ਕਾਰ ਦਾ ਮਾਲਕ ਹੈ, ਤਾਂ ਕੀ ਪੂਰਾ ਪਰਿਵਾਰ ਅਮੀਰ ਹੋ ਜਾਂਦਾ ਹੈ ? ਕੀ ਪੂਰੇ ਪਰਿਵਾਰ ਦੇ (ਰਾਸ਼ਨ) ਕਾਰਡ ਕੱਟਣਾ ਸਹੀ ਹੈ ?।"

ਮਾਨ ਨੇ ਦੋਸ਼ ਲਗਾਇਆ ਕਿ ਭਾਜਪਾ ਪੰਜਾਬ ਦੀ ਅਸਲੀਅਤ ਨੂੰ ਨਹੀਂ ਸਮਝਦੀ। ਉਨ੍ਹਾਂ ਦਾਅਵਾ ਕੀਤਾ ਕਿ 'ਦਿੱਲੀ ਵਿੱਚ ਏਸੀ ਕਮਰਿਆਂ ਵਿੱਚ ਬੈਠ ਕੇ ਪਿੰਡਾਂ ਦੇ ਗਰੀਬ ਲੋਕਾਂ ਦੇ ਖਾਣੇ ਦਾ ਹਿਸਾਬ ਰੱਖਿਆ ਜਾ ਰਿਹਾ ਹੈ।" ਉਨ੍ਹਾਂ ਕੇਂਦਰ ਸਰਕਾਰ 'ਤੇ ਦੋਸ਼ ਲਗਾਇਆ ਕਿ ਉਹ ਪੰਜਾਬ ਸਰਕਾਰ ਨੂੰ ਹਰ ਪਰਿਵਾਰ ਦੀ ਅਸਲ ਸਥਿਤੀ ਦਾ ਪਤਾ ਲਗਾਉਣ ਦਾ ਮੌਕਾ ਨਹੀਂ ਦੇ ਰਹੀ ਹੈ। ਉਨ੍ਹਾਂ ਕਿਹਾ, "ਸਹੀ ਤਸਦੀਕ ਤੋਂ ਬਿਨਾਂ ਰਾਸ਼ਨ ਕਾਰਡ ਬੰਦ ਕਰਨ ਦੇ ਇਸ ਹੁਕਮ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਭਾਜਪਾ ਕਿਸੇ ਵੀ ਬਹਾਨੇ ਪੰਜਾਬ ਤੋਂ ਬਦਲਾ ਲੈਣਾ ਚਾਹੁੰਦੀ ਹੈ।" ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਘਬਰਾਉਣ ਨਾ ਕਿਉਂਕਿ 'ਤੁਹਾਡਾ ਭਰਾ ਭਗਵੰਤ ਮਾਨ ਤੁਹਾਡੇ ਨਾਲ ਹੈ।' ਮੁੱਖ ਮੰਤਰੀ ਨੇ ਕਿਹਾ ਕਿ ਕਿਸੇ ਦੇ ਵੀ ਰਾਸ਼ਨ ਕਾਰਡ ਨੂੰ ਅਯੋਗ ਨਹੀਂ ਠਹਿਰਾਇਆ ਜਾਵੇਗਾ। ਉਨ੍ਹਾਂ ਕਿਹਾ, "ਅਸੀਂ ਪਹਿਲਾਂ ਹੀ 1.29 ਕਰੋੜ ਲਾਭਪਾਤਰੀਆਂ ਦੀ ਤਸਦੀਕ ਕਰ ਲਈ ਹੈ, ਅਤੇ ਬਾਕੀ ਕੰਮ ਵੀ ਛੇ ਮਹੀਨਿਆਂ ਦੇ ਅੰਦਰ ਪੂਰਾ ਕਰ ਲਿਆ ਜਾਵੇਗਾ।"

ਮਾਨ ਨੇ ਕਿਹਾ ਕਿ ਉਨ੍ਹਾਂ ਨੇ ਕੇਂਦਰ ਸਰਕਾਰ ਤੋਂ ਸਮਾਂ ਮੰਗਿਆ ਹੈ। ਉਨ੍ਹਾਂ ਕਿਹਾ, "ਸਾਡੀ ਟੀਮ ਘਰ-ਘਰ ਜਾ ਕੇ ਹਰੇਕ ਪਰਿਵਾਰ ਦੀ ਸਥਿਤੀ ਦਾ ਪਤਾ ਲਗਾਏਗੀ। ਇਹ ਸਿਰਫ਼ ਰਾਸ਼ਨ ਲਈ ਲੜਾਈ ਨਹੀਂ ਹੈ, ਇਹ ਪੰਜਾਬੀਆਂ ਦੇ ਹੱਕਾਂ ਅਤੇ ਸਨਮਾਨ ਲਈ ਲੜਾਈ ਹੈ।" ਉਨ੍ਹਾਂ ਭਾਜਪਾ 'ਤੇ ਖੁੱਲ੍ਹੇਆਮ ਪੰਜਾਬ ਨਾਲ 'ਧੱਕਾ' ਕਰਨ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ, "ਜੇਕਰ ਭਾਜਪਾ ਦੇ ਮੈਂਬਰ ਤੁਹਾਡੇ ਪਿੰਡ ਜਾਂ ਘਰ ਆਉਂਦੇ ਹਨ, ਤਾਂ ਉਨ੍ਹਾਂ ਨੂੰ ਸਪੱਸ਼ਟ ਕਰੋ ਕਿ ਪੰਜਾਬੀ ਕਿਸੇ ਵੀ ਹਾਲਤ ਵਿੱਚ ਧੱਕੇਸ਼ਾਹੀ ਬਰਦਾਸ਼ਤ ਨਹੀਂ ਕਰਨਗੇ।" ਇਸ ਤੋਂ ਪਹਿਲਾਂ ਸ਼ਨਿੱਚਰਵਾਰ ਨੂੰ ਮਾਨ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੀ ਸਰਕਾਰ ਨੂੰ ਕੇਂਦਰ ਤੋਂ ਇੱਕ ਰਿਪੋਰਟ ਮਿਲੀ ਹੈ, ਜਿਸ ਵਿੱਚ ਪੰਜਾਬ ਵਿੱਚ 8,02,493 ਰਾਸ਼ਨ ਕਾਰਡ ਧਾਰਕਾਂ ਨੂੰ ਹਟਾਉਣ ਦਾ ਸੁਝਾਅ ਦਿੱਤਾ ਗਿਆ ਹੈ ਕਿਉਂਕਿ ਉਹ ਹੁਣ ਯੋਗ ਨਹੀਂ ਹਨ।

ਰਾਸ਼ਨ ਕਾਰਡ ਸੂਚੀਆਂ 'ਚੋਂ ਨਾਂ ਕੱਟਣ ਬਾਰੇ ਮੁੱਖ ਮੰਤਰੀ ਭਗਵੰਤ ਮਾਨ ਦੇ ਦਾਅਵੇ 'ਝੂਠੇ ਤੇ ਗੁੰਮਰਾਹਕੁਨ': ਜੋਸ਼ੀ

ਨਵੀਂ ਦਿੱਲੀ, 26 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਕੇਂਦਰੀ ਖਪਤਕਾਰ ਮਾਮਲੇ, ਖੁਰਾਕ ਅਤੇ ਜਨਤਕ ਵੰਡ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਸੋਮਵਾਰ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਇਸ ਦੋਸ਼ ਨੂੰ ਖਾਰਜ ਕਰ ਦਿੱਤਾ ਕਿ ਕੇਂਦਰ ਸੂਬੇ ਦੀਆਂ ਰਾਸ਼ਨ ਸੂਚੀਆਂ ਵਿੱਚੋਂ 55 ਲੱਖ ਨਾਮ ਹਟਾ ਰਿਹਾ ਹੈ। ਉਨ੍ਹਾਂ ਇਸ ਦਾਅਵੇ ਨੂੰ 'ਝੂਠ' ਤੇ 'ਗੁੰਮਰਾਹਕੁੰਨ' ਦੱਸਿਆ।

ਜੋਸ਼ੀ ਨੇ X 'ਤੇ ਸਾਂਝੇ ਕੀਤੇ ਇੱਕ ਵੀਡੀਓ ਸੰਦੇਸ਼ ਵਿੱਚ ਸਪੱਸ਼ਟ ਕੀਤਾ ਕਿ ਰਾਸ਼ਨ ਲਾਭਪਾਤਰੀਆਂ ਲਈ ਲਾਜ਼ਮੀ eKYC ਪ੍ਰਕਿਰਿਆ ਕੇਂਦਰ ਸਰਕਾਰ ਵੱਲੋਂ ਸ਼ੁਰੂ ਨਹੀਂ ਕੀਤੀ ਗਈ ਸੀ ਬਲਕਿ ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕੀਤੀ ਗਈ ਸੀ। ਕੇਂਦਰੀ ਮੰਤਰੀ ਨੇ ਕਿਹਾ, "ਕੇਂਦਰ ਨੇ ਸਾਰੇ ਰਾਜਾਂ ਨੂੰ ਪਾਲਣਾ ਲਈ ਸਿਰਫ ਸਰਕੂਲਰ ਜਾਰੀ ਕੀਤੇ ਹਨ। ਪੰਜਾਬ ਨੂੰ ਇਹ ਮਸ਼ਕ ਪੂਰੀ ਕਰਨ ਲਈ ਤਿੰਨ ਵਾਰ ਵਾਧਾ ਦਿੱਤਾ ਗਿਆ ਸੀ, ਫਿਰ ਵੀ ਇਹ ਸਮੇਂ ਸਿਰ ਕਾਰਵਾਈ ਕਰਨ ਵਿੱਚ ਅਸਫਲ ਰਿਹਾ।"

ਜੋਸ਼ੀ ਨੇ ਕਿਹਾ ਕਿ ਪੰਜਾਬ ਵਿੱਚ ਕੌਮੀ ਖੁਰਾਕ ਸੁਰੱਖਿਆ ਐਕਟ (NFSA), 2013 ਤਹਿਤ 1.41 ਕਰੋੜ ਲਾਭਪਾਤਰੀ ਹਨ, ਅਤੇ ਕੇਂਦਰ ਨੇ ਇਸ ਪ੍ਰਵਾਨਿਤ ਸੂਚੀ ਵਿੱਚੋਂ 'ਇੱਕ ਵੀ ਲਾਭਪਾਤਰੀ ਨੂੰ ਨਹੀਂ ਹਟਾਇਆ'। ਉਨ੍ਹਾਂ ਕਿਹਾ ਕਿ 30 ਅਪਰੈਲ ਆਖਰੀ ਤਾਰੀਖ ਸੀ ਪਰ ਉਸ ਮਿਤੀ ਤੱਕ ਪੰਜਾਬ ਵਿੱਚ eKYC ਦਾ ਅਮਲ ਸਿਰਫ਼ 90 ਪ੍ਰਤੀਸ਼ਤ ਹੀ ਪੂਰਾ ਹੋਇਆ ਸੀ।

ਉਨ੍ਹਾਂ ਕਿਹਾ, "ਇਹ ਸੂਬਾ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਯੋਗ ਲਾਭਪਾਤਰੀਆਂ ਦੀ ਪਛਾਣ ਉਨ੍ਹਾਂ ਨਿਰਧਾਰਿਤ ਮਾਪਦੰਡਾਂ ਦੇ ਆਧਾਰ 'ਤੇ ਕਰੇ।" ਆਮ ਆਦਮੀ ਪਾਰਟੀ (ਆਪ) ਸਰਕਾਰ 'ਤੇ ਲਾਪਰਵਾਹੀ ਅਤੇ ਭ੍ਰਿਸ਼ਟਾਚਾਰ ਦਾ ਦੋਸ਼ ਲਗਾਉਂਦੇ ਹੋਏ ਜੋਸ਼ੀ ਨੇ ਕਿਹਾ ਕਿ ਪੰਜਾਬ ਵਿੱਚ ਬਹੁਤ ਸਾਰੇ ਯੋਗ ਪਰਿਵਾਰਾਂ ਕੋਲ ਅਜੇ ਵੀ ਰਾਸ਼ਨ ਕਾਰਡ ਨਹੀਂ ਹਨ, ਜਦੋਂ ਕਿ ਗਰੀਬਾਂ ਲਈ ਅਨਾਜ ਗੈਰ-ਕਾਨੂੰਨੀ ਢੰਗ ਨਾਲ ਖੁਰਦ ਬੁਰਦ ਕੀਤਾ ਜਾ ਰਿਹਾ ਹੈ।

ਕੇਂਦਰੀ ਮੰਤਰੀ ਨੇ ਦੋਸ਼ ਲਾਇਆ, "ਪੰਜਾਬ ਸਰਕਾਰ ਪੂਰੇ ਸਿਸਟਮ ਨੂੰ ਸਾਫ਼ ਕਰ ਸਕਦੀ ਹੈ ਅਤੇ ਅਸਲ ਲਾਭਪਾਤਰੀਆਂ ਨੂੰ ਯੋਜਨਾ ਤਹਿਤ ਲਿਆ ਸਕਦੀ ਹੈ, ਪਰ ਇਹ ਕਾਰਵਾਈ ਕਰਨ ਤੋਂ ਇਨਕਾਰੀ ਹੈ। ਇਸ ਦੀ ਬਜਾਏ, ਰਾਸ਼ਨ ਕਾਲੇ ਰੰਗ ਵਿੱਚ ਵੇਚਿਆ ਜਾਂਦਾ ਹੈ, ਜਦੋਂ ਕਿ ਗਰੀਬਾਂ ਨੂੰ ਬਾਹਰ ਰੱਖਿਆ ਜਾਂਦਾ ਹੈ। ਇਹ ਗੈਰ-ਕਾਨੂੰਨੀ ਵਪਾਰ ਜਾਰੀ ਹੈ ਕਿਉਂਕਿ ਇਹ ਭਗਵੰਤ ਮਾਨ ਅਤੇ ਉਨ੍ਹਾਂ ਦੀ ਪਾਰਟੀ ਦੇ ਭ੍ਰਿਸ਼ਟਾਚਾਰ ਨੂੰ ਵਧਾਉਂਦਾ ਹੈ।"

ਫਲੋਰਿਡਾ ਹਾਦਸਾ: ਟਰੱਕ ਡਰਾਈਵਰ ਹਰਜਿੰਦਰ ਸਿੰਘ ਲਈ 2.6 ਮਿਲੀਅਨ ਤੋਂ ਵੱਧ ਲੋਕਾਂ ਨੇ ਪਟੀਸ਼ਨ 'ਤੇ ਦਸਤਖ਼ਤ ਕੀਤੇ

ਅੰਮ੍ਰਿਤਸਰ, 26 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਫਲੋਰਿਡਾ ਵਿੱਚ ਇੱਕ ਘਾਤਕ ਹਾਦਸੇ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਭਾਰਤੀ ਮੂਲ ਦੇ ਟਰੱਕ ਡਰਾਈਵਰ ਹਰਜਿੰਦਰ ਸਿੰਘ ਲਈ ਨਿਰਪੱਖ ਸਜ਼ਾ ਦੀ ਮੰਗ ਕਰਨ ਵਾਲੀ ਇੱਕ ਪਟੀਸ਼ਨ ਨੂੰ ਭਾਰੀ ਹੁੰਗਾਰਾ ਮਿਲਿਆ ਹੈ, ਜਿਸ 'ਤੇ ਕੁਝ ਹੀ ਦਿਨਾਂ ਵਿੱਚ 2.6 ਮਿਲੀਅਨ ਤੋਂ ਵੱਧ ਪ੍ਰਮਾਣਿਤ ਦਸਤਖਤ ਹੋ ਚੁੱਕੇ ਹਨ। ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਰਤੌਲ ਦੇ ਮੂਲ ਨਿਵਾਸੀ 28 ਸਾਲਾ ਹਰਜਿੰਦਰ ਸਿੰਘ ਨੂੰ ਫਲੋਰਿਡਾ ਵਿੱਚ 12 ਅਗਸਤ ਨੂੰ ਇੱਕ ਹਾਦਸੇ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ 'ਤੇ ਕਥਿਤ ਤੌਰ 'ਤੇ ਗ਼ੈਰ-ਕਾਨੂੰਨੀ ਯੂ-ਟਰਨ ਲੈਣ ਦਾ ਦੋਸ਼ ਹੈ, ਜਿਸ ਕਾਰਨ ਇੱਕ ਕਾਰ ਟ੍ਰੇਲਰ ਨਾਲ ਟਕਰਾ ਗਈ ਅਤੇ ਤਿੰਨ ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਕਥਿਤ ਤੌਰ 'ਤੇ ਹਰਜਿੰਦਰ 2018 ਵਿੱਚ ਗ਼ੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿੱਚ ਦਾਖ਼ਲ ਹੋਇਆ ਸੀ ਅਤੇ ਬਾਅਦ ਵਿੱਚ ਉਸ ਨੇ ਕੈਲੀਫੋਰਨੀਆ ਵਿੱਚ ਕਮਰਸ਼ੀਅਲ ਡਰਾਈਵਰਜ਼ ਲਾਇਸੈਂਸ ਪ੍ਰਾਪਤ ਕੀਤਾ ਸੀ।

ਫਲੋਰਿਡਾ ਦੇ ਗਵਰਨਰ ਰੋਨ ਡੀਸੈਂਟਿਸ ਨੂੰ ਸੰਬੋਧਿਤ ਕੀਤੀ ਗਈ ਇਸ ਆਨਲਾਈਨ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਹਾਦਸਾ ਜਾਣਬੁੱਝ ਕੇ ਨਹੀਂ ਸੀ ਅਤੇ ਸੰਭਾਵਿਤ ਸਜ਼ਾ ਨੂੰ ਅਣਮਨੁੱਖੀ ਕਿਹਾ ਗਿਆ ਹੈ। ਇਸ ਵਿਚ ਸਮਰਥਕ ਅਧਿਕਾਰੀਆਂ ਨੂੰ ਨਰਮੀ, ਪੈਰੋਲ ਦੀ ਯੋਗਤਾ, ਜਾਂ ਕਮਿਊਨਿਟੀ ਸੇਵਾ ਵਰਗੇ ਵਿਕਲਪਾਂ 'ਤੇ ਵਿਚਾਰ ਕਰਨ ਦੀ ਅਪੀਲ ਕਰ ਰਹੇ ਹਨ।

ਰਾਜਨੀਤਿਕ ਆਗੂਆਂ ਖਾਸ ਤੌਰ 'ਤੇ ਬਠਿੰਡਾ ਦੇ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਅਤੇ ਕਮਿਊਨਿਟੀ ਸਮੂਹਾਂ ਨੇ ਨਿਰਪੱਖ ਮੁਕੱਦਮੇ ਦੀ ਮੰਗ ਕੀਤੀ ਹੈ। ਉਸ ਦੇ ਜੱਦੀ ਪਿੰਡ ਰਤੌਲ ਵਿੱਚ ਉਸ ਦੇ ਰਿਸ਼ਤੇਦਾਰ ਵੀ ਇਸ ਮਾਮਲੇ ਵਿੱਚ ਨਿਰਪੱਖ ਸਜ਼ਾ ਦੀ ਮੰਗ ਕਰ ਰਹੇ ਹਨ।

ਧਨਖੜ ਨੂੰ ਕਿਸੇ ਨੇ ਘਰ 'ਚ ਨਜ਼ਰਬੰਦ ਨਹੀਂ ਕੀਤਾ: ਸ਼ਾਹ

ਨਵੀਂ ਦਿੱਲੀ, 26 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸਾਬਕਾ ਉਪ ਰਾਸ਼ਟਰਪਤੀ ਜਗਦੀਪ ਧਨਖੜ ਦੇ ਅਸਤੀਫ਼ੇ ਬਾਰੇ ਵਧਦੀਆਂ ਅਟਕਲਾਂ ਦਰਮਿਆਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੋਮਵਾਰ ਨੂੰ ਕਿਹਾ ਕਿ ਧਨਖੜ ਨੇ ਸਿਹਤ ਸਮੱਸਿਆਵਾਂ ਕਾਰਨ ਅਸਤੀਫ਼ਾ ਦਿੱਤਾ ਸੀ। ਉਨ੍ਹਾਂ ਵਿਰੋਧੀ ਧਿਰ ਦੇ ਦਾਅਵਿਆਂ ਨੂੰ ਖਾਰਜ ਕਰ ਦਿੱਤਾ ਕਿ ਉਹ(ਧਨਖੜ) 'ਘਰ ਵਿੱਚ ਨਜ਼ਰਬੰਦ' ਹਨ।

ਕੇਂਦਰੀ ਗ੍ਰਹਿ ਮੰਤਰੀ ਨੇ ਖ਼ਬਰ ਏਐੱਨਆਈ ਨੂੰ ਦਿੱਤੀ ਇੰਟਰਵਿਊ ਵਿੱਚ ਕਿਹਾ, "ਧਨਖੜ ਸਾਹਿਬ ਦਾ ਅਸਤੀਫ਼ਾ ਪੱਤਰ ਆਪਣੇ ਆਪ ਵਿੱਚ ਸਪੱਸ਼ਟ ਹੈ। ਉਨ੍ਹਾਂ ਨੇ ਆਪਣੇ ਅਸਤੀਫ਼ੇ ਲਈ ਸਿਹਤ ਕਾਰਨਾਂ ਦਾ ਹਵਾਲਾ ਦਿੱਤਾ ਹੈ। ਉਨ੍ਹਾਂ ਨੇ ਪ੍ਰਧਾਨ ਮੰਤਰੀ ਅਤੇ ਹੋਰ ਮੰਤਰੀਆਂ ਅਤੇ ਸਰਕਾਰੀ ਮੈਂਬਰਾਂ ਦਾ ਉਨ੍ਹਾਂ ਦੇ ਚੰਗੇ ਕਾਰਜਕਾਲ ਲਈ ਦਿਲੋਂ ਧੰਨਵਾਦ ਵੀ ਕੀਤਾ ਹੈ।" ਧਨਖੜ ਨੂੰ 'ਘਰ ਵਿੱਚ ਨਜ਼ਰਬੰਦ' ਕੀਤੇ ਜਾਣ, ਜਿਵੇਂ ਕਿ ਕੁਝ ਵਿਰੋਧੀ ਆਗੂਆਂ ਵੱਲੋਂ ਦਾਅਵਾ ਕੀਤਾ ਗਿਆ ਹੈ, ਬਾਰੇ ਪੁੱਛੇ ਜਾਣ 'ਤੇ ਸ਼ਾਹ ਨੇ ਕਿਹਾ ਕਿ ਸੱਚ ਅਤੇ ਝੂਠ ਦੀ ਵਿਆਖਿਆ ਸਿਰਫ਼ ਵਿਰੋਧੀ ਧਿਰ ਦੇ ਬਿਆਨਾਂ 'ਤੇ ਨਿਰਭਰ ਨਹੀਂ ਹੋਣੀ ਚਾਹੀਦੀ। ਉਨ੍ਹਾਂ ਸਾਬਕਾ ਉਪ ਰਾਸ਼ਟਰਪਤੀ ਦੇ ਅਸਤੀਫ਼ੇ ਬਾਰੇ ਬੋਲੇੜਾ ਹੰਗਾਮਾ ਕਰਨ ਖਿਲਾਫ਼ ਚੇਤਾਵਨੀ ਦਿੱਤੀ। ਸ਼ਾਹ ਨੇ ਕਿਹਾ, "ਇੰਝ ਲੱਗਦਾ ਹੈ ਕਿ ਸੱਚ ਅਤੇ ਝੂਠ ਦੀ ਤੁਹਾਡੀ ਵਿਆਖਿਆ ਵਿਰੋਧੀ ਧਿਰ ਦੇ ਕਹਿਣ 'ਤੇ ਅਧਾਰਤ ਹੈ। ਸਾਨੂੰ ਤਿੱਲ ਦਾ ਤਾੜ ਨਹੀਂ ਬਣਾਉਣਾ ਚਾਹੀਦਾ। ਧਨਖੜ ਇੱਕ ਸੰਵਿਧਾਨਕ ਅਹੁਦੇ 'ਤੇ ਸਨ ਅਤੇ ਉਨ੍ਹਾਂ ਨੇ ਸੰਵਿਧਾਨ ਅਨੁਸਾਰ ਆਪਣੀਆਂ ਡਿਊਟੀਆਂ ਨਿਭਾਈਆਂ। ਉਨ੍ਹਾਂ ਨੇ ਨਿੱਜੀ ਸਿਹਤ ਕਾਰਨਾਂ ਕਰਕੇ ਅਸਤੀਫਾ ਦੇ ਦ

ਪੰਜਾਬ ਸਰਕਾਰ ਆਈ.ਟੀ. ਸੈਕਟਰ ਨੂੰ ਹੁਲਾਰਾ ਦੇਣ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ : ਹਰਪਾਲ ਸਿੰਘ ਚੀਮਾ

ਲੁਧਿਆਣਾ, 26 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਆਈ.ਟੀ. ਸੈਕਟਰ ਨੂੰ ਹੁਲਾਰਾ ਦੇਣ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ ਜਿਸ ਸਬੰਧੀ ਕਾਫੀ ਸਾਰੀ ਭੂਮੀ ਰਿਜਰਵ ਕੀਤੀ ਗਈ ਹੈ ਜਿੱਥੇ ਆਈ.ਟੀ. ਸੈਕਟਰ ਨੂੰ ਹੋਰ ਡਿਵੈਲਪ ਕੀਤਾ ਜਾਵੇਗਾ।

ਇਨ੍ਹਾਂ ਸ਼ਬਕਦਾ ਦਾ ਪ੍ਰਗਟਾਵਾ, ਪੰਜਾਬ ਸਰਕਾਰ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਅੱਜ ਸਥਾਨਕ ਹੋਟਲ ਰੀਜੈਂਟਾ ਸੈਂਟਰਲ ਕਲਾਸਿਕ ਵਿਖੇ ''ਆਈ.ਟੀ. ਇੰਡੀਆ ਐਕਸਪੋ - 2025" ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਕੀਤਾ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਉਣ ਵਾਲੇ ਸਮੇਂ ਵਿੱਚ ਆਈ.ਟੀ. ਸੈਕਟਰ ਨੂੰ ਕਾਫੀ ਸ਼ਹਿਰਾਂ ਵਿੱਚ ਅੱਗੇ ਲਿਆਂਦਾ ਜਾਵੇਗਾ।

ਉਨ੍ਹਾਂ ਕਿਹਾ ਕਿ ਉਦਯੋਗਪਤੀਆਂ ਵੱਲੋਂ ਕਰੀਬ ਇੱਕ ਲੱਖ ਕਰੋੜ ਰੁਪਏ ਤੋਂ ਵੱਧ ਦੀ ਇਨਵੈਸਟਮੈਂਟ ਕੀਤੀ ਜਾ ਚੁੱਕੀ ਹੈ ਅਤੇ ਆਈ.ਟੀ. ਖੇਤਰ ਵਿੱਚ ਵੀ ਵੱਡੇ ਪੱਧਰ 'ਤੇ ਇਨਵੈਸਟਮੈਂਟ ਆ ਰਹੀ ਹੈ।

ਇਸ ਮੌਕੇ ਉਨ੍ਹਾਂ ਦੇ ਨਾਲ ਵਿਧਾਨ ਸਭਾ ਹਲਕਾ ਆਤਮ ਨਗਰ ਤੋਂ ਵਿਧਾਇਕ ਕੁਲਵੰਤ ਸਿੰਘ ਸਿੱਧੂ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਆਈ.ਟੀ. ਐਕਸਪੋ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਇੱਕ ਚੰਗਾ ਉਪਰਾਲਾ ਹੈ। ਉਨ੍ਹਾਂ ਇਸ ਐਗਜੀਬਿਸ਼ਨ ਦਾ ਆਯੋਜਨ ਕਰਨ ਵਾਲੀ ਸਾਰੀ ਟੀਮ ਨੂੰ ਵੀ ਮੁਬਾਰਕਬਾਦ ਦਿੱਤੀ ਜਿਨ੍ਹਾਂ ਲੁਧਿਆਣਾ ਸ਼ਹਿਰ ਦੇ ਵਸਨੀਕਾਂ ਖਾਸ ਕਰਕੇ ਆਈ.ਟੀ. ਸੈਕਟਰ ਨਾਲ ਜੁੜੇ ਵਿਦਿਆਰਥੀਆਂ ਨੂੰ ਨਵੀਂ ਤਕਨੀਕ ਬਾਰੇ ਜਾਣੂੰ ਕਰਵਾਇਆ ਹੈ। ਉਨ੍ਹਾਂ ਕਿਹਾ ਕਿ ਵੱਖ-ਵੱਖ ਨਾਮੀ ਕੰਪਨੀਆਂ ਦੀ ਇਸ ਐਗਜੀਬਿਸ਼ਨ ਵਿੱਚ ਲੁਧਿਆਣਾ ਤੋਂ ਇਲਾਵਾ ਹੋਰਨਾਂ ਸ਼ਹਿਰਾਂ ਦੇ ਲੋਕਾਂ ਵੱਲੋਂ ਵੀ ਸ਼ਮੂਲੀਅਤ ਕਰਕੇ ਨਵੇਂ ਪ੍ਰੋਡਕਟਾਂ ਦੀ ਖਰੀਦ ਕੀਤੀ ਜਾ ਰਹੀ ਹੈ ਅਤੇ ਆਪਣਾ ਤਜ਼ਰਬਾ ਸਾਂਝਾ ਕੀਤਾ ਜਾ ਰਿਹਾ ਹੈ।

ਕੈਬਨਿਟ ਮੰਤਰੀ ਚੀਮਾ ਨੇ ਕਿਹਾ ਕਿ ਇਹ ਪੰਜਾਬ ਸੂਬੇ ਦੀ ਹੀ ਨਹੀਂ ਸਗੋਂ ਭਾਰਤ ਦੀ ਸਭ ਤੋਂ ਵੱਡੀ ਐਗਜੀਬਿਸ਼ਨ ਹੈ ਜਿਸਦੀ ਤਿਆਰੀ ਪਿਛਲੇ ਕਰੀਬ 3 ਸਾਲਾਂ ਤੋਂ ਕੀਤੀ ਜਾ ਰਹੀ ਸੀ, ਜਿਸਦਾ ਨਤੀਜਾ ਸਾਹਮਣੇ ਹੈ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਕੰਪਨੀਆਂ ਦੇ ਕਰੀਬ 1000 ਤੋਂ ਵੱਧ ਡੀਲਰਾਂ ਵੱਲੋਂ ਸ਼ਿਰਕਤ ਕੀਤੀ ਜਾ ਚੁੱਕੀ ਹੈ ਅਤੇ ਆਈ.ਟੀ. ਸੈਕਟਰ ਨਾਲ ਜੁੜੇ ਕਰੀਬ 22 ਹਜ਼ਾਰ ਵਿਦਿਆਰਥੀਆਂ ਵੱਲੋਂ ਰਜਿਸਟਰੇਸ਼ਨ ਕਰਵਾਈ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਇਸ ਐਗਜੀਬਿਸ਼ਨ ਰਾਹੀਂ ਵਿਦਿਆਰਥੀ ਨਵੀਂ ਤਕਨੀਕ ਬਾਰੇ ਜਾਣਕਾਰੀ ਹਾਸਲ ਕਰਨ ਵਿੱਚ ਸਫਲ ਹੋਣਗੇ ਜਿਹੜੀ ਕਿ ਆਨਲਾਈਨ ਉਪਲੱਬਧ ਨਹੀਂ ਹੁੰਦੀ ਹੈ।

ਉਨ੍ਹਾਂ ਪੱਤਰਕਾਰਾਂ ਦੇ ਸੁਆਲ ਦਾ ਜੁਆਬ ਦਿੰਦਿਆਂ ਕਿਹਾ ਕਿ ਮੌਜੂਦਾ ਹੜ੍ਹ ਵਰਗੇ ਨਾਜੁਕ ਹਾਲਾਤਾਂ ਦੌਰਾਨ, ਕੇਂਦਰ ਸਰਕਾਰ ਨੂੰ ਪੰਜਾਬ ਸੂਬੇ ਦੀ ਸਾਰ ਲੈਣੀ ਚਾਹੀਦੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਸੂਬੇ ਦੀ ਕਰੀਬ 50 ਹਜ਼ਾਰ ਕਰੋੜ ਰੁਪਏ ਜੀ.ਐਸ.ਟੀ. ਦੇ ਨੁਕਸਾਨ ਦੀ ਭਰਪਾਈ ਦੇ ਨਾਲ ਕਰੀਬ 10 ਹਜ਼ਾਰ ਕਰੋੜ ਰੁਪਏ ਰੂਰਲ ਡਿਵੈਲਪਮੈਂਟ ਫੰਡ (ਆਰ.ਡੀ.ਐਫ.) ਨੂੰ ਵੀ ਜਾਰੀ ਕੀਤਾ ਜਾਵੇ।

ਉਨ੍ਹਾਂ ਇਹ ਵੀ ਦੱਸਿਆ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਮੰਤਰੀ ਸਹਿਬਾਨਾਂ ਦੇ ਨਾਲ ਪ੍ਰਸ਼ਾਸ਼ਨ ਵੀ ਪੂਰੀ ਤਰ੍ਹਾਂ ਮੁਸਤੈਦ ਹੈ ਅਤੇ ਕੁਦਰਤੀ ਆਫਤਾਂ ਨਾਲ ਨਜਿੱਠਣ ਲਈ ਪੰਜਾਬ ਸਰਕਾਰ ਆਪਣਾ ਪੂਰਾ ਜ਼ੋਰ ਲਾ ਰਹੀ ਹੈ।

ਉਨ੍ਹਾਂ ਦੁਹਰਾਇਆ ਕਿ ਕੇਂਦਰ ਸਰਕਾਰ ਨੂੰ ਇਸ ਸਮੇਂ ਪੰਜਾਬ ਸੂਬੇ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ ਅਤੇ ਹੜ੍ਹ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਲਈ ਸਪੈਸ਼ਲ ਗਰਾਂਟ ਜਾਰੀ ਕਰਨੀ ਚਾਹੀਦੀ ਹੈ।

ਇਸ ਮੌਕੇ ਉਨ੍ਹਾਂ ਉੱਘੇ ਕਮੇਡੀਅਨ ਜਸਵਿੰਦਰ ਸਿੰਘ ਭੱਲਾ ਜੀ ਦੇ ਪਰਿਵਾਰ ਪ੍ਰਤੀ ਵੀ ਆਪਣੀ ਸੰਵੇਦਨਾ ਪ੍ਰਗਟ ਕੀਤੀ।

ਉਨ੍ਹਾ ਕਿਹਾ ਕਿ ਭੱਲਾ ਜੀ ਨੇ ਪੂਰੀ ਪੰਜਾਬੀਅਤ ਹੀ ਨਹੀਂ ਸਗੋਂ ਦੁਨੀਆਂ ਭਰ ਦੇ ਲੋਕਾਂ ਨੂੰ ਹਸਾਇਆ ਤੇ ਲੋਕਾਂ ਦਾ ਸੱਭਿਆਚਾਰਕ ਮਨੋਰੰਜਨ ਕੀਤਾ। ਉਨ੍ਹਾਂ ਜਸਵਿੰਦਰ ਭੱਲਾ ਜੀ ਦੇ ਵਿਛੋੜੇ ਨੂੰ ਪੰਜਾਬੀ ਫਿਲਮ ਜਗਤ ਲਈ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ।

ਨਗਰ ਨਿਗਮ ਵਿਖੇ ਪਲਾਸਟਿਕ ਲਿਫਾਫੇ ਦੇ ਕਾਰੋਬਾਰੀਆਂ ਨਾਲ ਹੋਈ ਅਹਿਮ ਮੀਟਿੰਗ

ਪਲਾਸਟਿਕ ਮੁਕਤ ਪਟਿਆਲਾ ਬਣਾਉਣ ਵਿੱਚ ਚਾਹੀਦੇ ਪਟਿਆਲਵੀਆ ਦਾ ਸਾਥ : ਮੇਅਰ ਅਤੇ ਕਮਿਸ਼ਨਰ

ਪਟਿਆਲਾ, 26 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਨੂੰ ਪਲਾਸਟਿਕ ਮੁਕਤ ਬਣਾਉਣ ਲਈ ਨਗਰ ਨਿਗਮ ਵੱਲੋਂ ਗੰਭੀਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸੇ ਸੰਦਰਭ ਵਿੱਚ ਨਗਰ ਨਿਗਮ ਵਿਖੇ ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਵੀਰ ਸਿੰਘ ਦੀ ਅਗਵਾਈ ਵਿੱਚ ਪਲਾਸਟਿਕ ਲਿਫਾਫੇ ਦੇ ਕਾਰੋਬਾਰੀਆਂ ਨਾਲ ਬਹੁਤ ਖੁਸ਼ਨੁਮਾ ਮਾਹੌਲ ਵਿੱਚ ਇੱਕ ਅਹਿਮ ਮੀਟਿੰਗ ਹੋਈ। ਮੀਟਿੰਗ ਵਿੱਚ ਸ਼ਹਿਰ ਦੇ ਕਈ ਪਲਾਸਟਿਕ ਲਿਫਾਫੇ ਆਦਿ ਦੇ ਕਾਰੋਬਾਰੀ, ਨਗਰ ਨਿਗਮ ਅਧਿਕਾਰੀ ਅਤੇ ਹੋਰ ਸਬੰਧਤ ਵਿਅਕਤੀ ਹਾਜ਼ਰ ਸਨ। ਦੱਸ ਦੇਈਏ ਕਿ ਕਾਰੋਬਾਰੀਆ ਨੇ ਖੁਦ ਮੰਨਿਆ ਕਿ ਉਹ 50ਪ੍ਰਤੀਸ਼ਤ ਸਟਾਕ ਖਤਮ ਕਰ ਚੁੱਕੇ ਹਨ ਅਤੇ ਬਾਕੀ ਦਾ ਰਹਿੰਦਾ ਸਟਾਕ 10-12 ਦਿਨ ਵਿਚ ਖਤਮ ਕਰ ਕੇ ਅੱਗੋਂ ਪਲਾਸਟਿਕ ਲਿਫਾਫੇ ਨਹੀਂ ਵੇਚਣਗੇ।

ਮੇਅਰ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਪਲਾਸਟਿਕ ਪ੍ਰਦੂਸ਼ਣ ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਸਮੱਸਿਆ ਬਣ ਚੁੱਕੀ ਹੈ। ਖ਼ਾਸ ਕਰਕੇ ਪਲਾਸਟਿਕ ਲਿਫਾਫੇ ਨਾ ਸਿਰਫ਼ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਂਦੇ ਹਨ, ਸਗੋਂ ਨਿਕਾਸੀ ਪ੍ਰਣਾਲੀ ਨੂੰ ਵੀ ਪ੍ਰਭਾਵਿਤ ਕਰਦੇ ਹਨ। ਗੰਦਗੀ ਅਤੇ ਰੁਕਾਵਟਾਂ ਕਾਰਨ ਸ਼ਹਿਰ ਦੇ ਨਿਵਾਸੀਆਂ ਨੂੰ ਬਾਰਿਸ਼ ਦੇ ਮੌਸਮ ਵਿੱਚ ਵੱਡੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਨਗਰ ਨਿਗਮ ਦਾ ਮੁੱਖ ਟੀਚਾ ਪਟਿਆਲਾ ਨੂੰ ਪਲਾਸਟਿਕ ਲਿਫਾਫਿਆਂ ਤੋਂ ਮੁਕਤ ਕਰਨਾ ਹੈ। ਉਨ੍ਹਾਂ ਹੋਰਨਾਂ ਕਾਰੋਬਾਰੀਆਂ ਨੂੰ ਇਸ ਮੁਹਿੰਮ ਵਿਚ ਸਾਥ ਦੇਣ ਦੀ ਅਪੀਲ ਕੀਤੀ ਅਤੇ ਕਿਹਾ ਕਿ 10 ਤੋਂ 12 ਦਿਨਾਂ ਬਾਅਦ ਨਿਗਮ ਵਲੋਂ ਇਸ ਸਬੰਧੀ ਸਖ਼ਤ ਕਾਰਵਾਈ ਦੀ ਸ਼ੁਰੂਆਤ ਕੀਤੀ ਜਾਵੇਗੀ। ਕਮਿਸ਼ਨਰ ਪਰਮਵੀਰ ਸਿੰਘ ਨੇ ਵੀ ਕਾਰੋਬਾਰੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਪਲਾਸਟਿਕ ਦੀ ਥਾਂ ਕਾਗਜ਼, ਜੂਟ ਜਾਂ ਹੋਰ ਬਾਇਓਡਿਗ੍ਰੇਡੇਬਲ ਵਸਤੂਆਂ ਦੇ ਥੈਲੇ ਵਰਤਣ ਦੀ ਸ਼ੁਰੂਆਤ ਕਰਨ। ਉਨ੍ਹਾਂ ਕਿਹਾ ਕਿ ਜੇ ਸ਼ਹਿਰ ਦੇ ਕਾਰੋਬਾਰੀ ਇਸ ਮੁਹਿੰਮ ਨਾਲ ਜੁੜਦੇ ਹਨ ਤਾਂ ਆਮ ਲੋਕ ਵੀ ਇਸ ਵਿੱਚ ਪੂਰੀ ਤਰ੍ਹਾਂ ਸਹਿਯੋਗ ਕਰਨਗੇ। ਉਨ੍ਹਾਂ ਸਪਸ਼ਟ ਕੀਤਾ ਕਿ ਜੇਕਰ ਕੋਈ ਵੀ ਪਲਾਸਟਿਕ ਲਿਫਾਫਿਆਂ ਦਾ ਪ੍ਰਯੋਗ ਜਾਰੀ ਰੱਖਦਾ ਹੈ ਤਾਂ ਉਸ @ਤੇ ਮੋਟਾ ਜੁਰਮਾਨਾ ਲਗਾਇਆ ਜਾਵੇਗਾ। ਇਸ ਦੇ ਨਾਲ ਹੀ ਕਾਰੋਬਾਰੀਆਂ ਨੇ ਵੀ ਵਿਸ਼ੇਸ਼ ਤੌਰ ਤੇ ਇਸ ਮੁਹਿੰਮ ਵਿੱਚ ਯੋਗਦਾਨ ਪਾਉਣ ਦਾ ਵਾਅਦਾ ਕਰਦਿਆਂ ਕਿਹਾ ਕਿ ਉਹ ਵਾਤਾਵਰਣ-ਮਿਤ੍ਰ ਸਮਾਨ ਨੂੰ ਆਪਣਾ ਕੇ ਪਟਿਆਲਾ ਨੂੰ ਸਾਫ਼-ਸੁਥਰਾ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣਗੇ।

ਮੀਟਿੰਗ ਦੇ ਆਖ਼ਿਰ ਵਿੱਚ ਮੇਅਰ ਅਤੇ ਕਮਿਸ਼ਨਰ ਨੇ ਸਾਰੇ ਪਟਿਆਲਵੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਸਮਝਣ ਅਤੇ ਪਲਾਸਟਿਕ ਦਾ ਪ੍ਰਯੋਗ ਛੱਡ ਕੇ ਸ਼ਹਿਰ ਨੂੰ ਪਲਾਸਟਿਕ ਮੁਕਤ ਬਣਾਉਣ ਦੇ ਇਸ ਮਿਸ਼ਨ ਵਿੱਚ ਭਾਗੀਦਾਰ ਬਣਨ। ਇਸ ਦੇ ਨਾਲ ਹੀ ਸਾਰੇ ਪਟਿਆਲਵੀ ਸਬਜ਼ੀ, ਰਾਸ਼ਨ, ਫਰੂਟ ਆਦਿ ਸਮਾਨ ਲਿਆਉਣ ਲਈ ਕੱਪੜੇ ਜਾਂ ਜੂਟ ਆਦਿ ਦੇ ਬਣੇ ਥੈਲੇ ਵਰਤੋਂ ਵਿੱਚ ਲੈ ਕੇ ਆਉਣ।

ਸਰਹੰਦੀ ਗੇਟ ਵਿਖੇ ਨਵੇਂ ਟਿਊਬਵੈਲ ਦਾ ਕੰਮ ਸ਼ੁਰੂ, 10 ਤੋਂ ਵੱਧ ਇਲਾਕਿਆਂ ਦੀ ਪਾਣੀ ਘਾਟ ਹੋਵੇਗੀ ਦੂਰ :ਮੇਅਰ ਕੁੰਦਨ ਗੋਗੀਆ

ਨਵਾਂ ਟਿਊਬਵੈਲ ਲਗਾਉਣ ਦੀ ਸ਼ੁਰੂਆਤ ਕਰਦੇ ਹੋਏ ਮੇਅਰ ਅਤੇ ਹੋਰ

ਪਟਿਆਲਾ, 26 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਹਿਰ ਦੇ ਨਿਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਕਮੀ ਤੋਂ ਰਹਾਤ ਦਿਵਾਉਣ ਲਈ ਨਗਰ ਨਿਗਮ ਪਟਿਆਲਾ ਵੱਲੋਂ ਵੱਡਾ ਕਦਮ ਚੁੱਕਿਆ ਗਿਆ ਹੈ। ਸਰਹੰਦੀ ਗੇਟ ਖੇਤਰ ਵਿੱਚ ਨਵੇਂ ਟਿਊਬਵੈਲ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਨਿਗਮ ਅਧਿਕਾਰੀਆਂ ਅਨੁਸਾਰ ਇਸ ਟਿਊਬਵੈਲ ਦੇ ਚੱਲਣ ਨਾਲ 10 ਤੋਂ ਵੱਧ ਇਲਾਕਿਆਂ ਵਿੱਚ ਰਹਿਣ ਵਾਲੇ ਹਜ਼ਾਰਾਂ ਲੋਕਾਂ ਨੂੰ ਸਿੱਧਾ ਲਾਭ ਮਿਲੇਗਾ। ਇਸ ਮੌਕੇ ਉਨ੍ਹਾਂ ਨਾਲ ਰਾਜੇਸ਼ ਜੇਈ, ਸੈਕਟਰੀ ਰਜਿੰਦਰ ਮੋਹਨ, ਲੱਕੀ ਲਹਿਲ, ਰਾਜੂ ਤਲਵਾਰ, ਗੋਰਾ ਲਾਲ, ਨੀਰਜ ਅਤੇ ਹੋਰ ਨਿਗਮ ਕਰਮਚਾਰੀ ਮੌਜੂਦ ਸਨ.

ਮੇਅਰ ਕੁੰਦਨ ਗੋਗੀਆ ਨੇ ਇਸ ਪ੍ਰਾਜੈਕਟ ਦਾ ਉਦਘਾਟਨ ਕਰਦਿਆਂ ਕਿਹਾ ਕਿ ਪਾਣੀ ਜੀਵਨ ਦੀ ਮੁੱਖ ਲੋੜ ਹੈ ਅਤੇ ਇਸ ਸਮੱਸਿਆ ਦਾ ਹੱਲ ਕਰਨਾ ਨਗਰ ਨਿਗਮ ਦੀ ਪ੍ਰਾਥਮਿਕਤਾ ਹੈ। ਉਹਨਾਂ ਕਿਹਾ ਕਿ ਪਿਛਲੇ ਕਾਫੀ ਸਮੇਂ ਤੋਂ ਸਰਹੰਦੀ ਗੇਟ ਅਤੇ ਨੇੜਲੇ ਇਲਾਕਿਆਂ ਦੇ ਵਾਸੀਆਂ ਵੱਲੋਂ ਪਾਣੀ ਦੀ ਘਾਟ ਬਾਰੇ ਸ਼ਿਕਾਇਤਾਂ ਪ੍ਰਾਪਤ ਹੋ ਰਹੀਆਂ ਸਨ। ਇਸ ਕਰਕੇ ਲੋਕਾਂ ਨੂੰ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ।

ਮੇਅਰ ਨੇ ਜਾਣਕਾਰੀ ਦਿੱਤੀ ਕਿ ਇਸ ਟਿਊਬਵੈਲ ਤੋਂ ਮਿਲਣ ਵਾਲੀ ਸਪਲਾਈ ਨਾਲ ਡੋਗਰਾ ਮੁਹੱਲਾ, ਆਰੀਆ ਸਮਾਜ, ਬਾਜ਼ਾਰ ਖੇਤਰ, ਲਾਹੌਰੀ ਗੇਟ ਅਤੇ ਨੇੜਲੇ ਹੋਰ ਇਲਾਕਿਆਂ ਨੂੰ ਨਿਯਮਿਤ ਤੌਰ @ਤੇ ਪਾਣੀ ਮਿਲਣਾ ਸ਼ੁਰੂ ਹੋ ਜਾਵੇਗਾ। ਨਵੇਂ ਟਿਊਬਵੈਲ ਵਿੱਚ ਆਧੁਨਿਕ ਤਕਨੀਕ ਦੀ ਵਰਤੋਂ ਕੀਤੀ ਜਾ ਰਹੀ ਹੈ, ਜਿਸ ਨਾਲ ਲੰਬੇ ਸਮੇਂ ਤੱਕ ਸਥਿਰ ਪਾਣੀ ਸਪਲਾਈ ਯਕੀਨੀ ਬਣਾਈ ਜਾ ਸਕੇਗੀ।

ਸਥਾਨਕ ਨਿਵਾਸੀਆਂ ਨੇ ਨਗਰ ਨਿਗਮ ਦੇ ਇਸ ਫ਼ੈਸਲੇ ਦਾ ਸਵਾਗਤ ਕੀਤਾ ਹੈ। ਲੋਕਾਂ ਦਾ ਕਹਿਣਾ ਹੈ ਕਿ ਜੇਕਰ ਇਹ ਟਿਊਬੈਲ ਲੱਗਣ ਦਾ ਕੰਮ ਸਮੇ ਨਾਲ ਪੂਰਾ ਹੋ ਜਾਂਦਾ ਹੈ ਤਾਂ ਕਈ ਸਾਲਾਂ ਤੋਂ ਚੱਲਦੀ ਆ ਰਹੀ ਪਾਣੀ ਦੀ ਸਮੱਸਿਆ ਹਮੇਸ਼ਾਂ ਲਈ ਦੂਰ ਹੋ ਸਕਦੀ ਹੈ।

ਮੇਅਰ ਕੁੰਦਨ ਗੋਗੀਆ ਨੇ ਆਖਿਰ ਵਿੱਚ ਇਹ ਭਰੋਸਾ ਦਿਵਾਇਆ ਕਿ ਸ਼ਹਿਰ ਦੇ ਹਰ ਵਾਰਡ ਵਿੱਚ ਪਾਣੀ ਦੀ ਸਹੂਲਤ ਯਕੀਨੀ ਬਣਾਈ ਜਾਵੇਗੀ ਅਤੇ ਜਿੱਥੇ ਵੀ ਘਾਟ ਹੋਵੇਗੀ, ਉਸ ਨੂੰ ਦੂਰ ਕਰਨ ਲਈ ਹੋਰ ਟਿਊਬਵੈਲ ਲਗਾਉਣ ਦੇ ਯਤਨ ਜਾਰੀ ਰਹਿਣਗੇ।

ਨਵਜੋਤ ਕੌਰ ਨੇ ਬਤੌਰ ਡਿਪਟੀ ਕਮਿਸ਼ਨਰ ਮਾਨਸਾ ਅਹੁਦਾ ਸੰਭਾਲਿਆ

ਮਾਨਸਾ, 26 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਚਲਾਈਆਂ ਗਈਆਂ ਵੱਖ ਵੱਖ ਮੁਹਿੰਮਾਂ ਨੂੰ ਪਹਿਲਕਦਮੀ ਨਾਲ ਅਮਲ ਵਿਚ ਲਿਆਂਦਾ ਜਾਵੇਗਾ। ਇੰਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰੀਮਤੀ ਨਵਜੋਤ ਕੌਰ ਵੱਲੋਂ ਬਤੌਰ ਡਿਪਟੀ ਕਮਿਸ਼ਨਰ ਮਾਨਸਾ ਵਿਖੇ ਆਪਣਾ ਅਹੁਦਾ ਸੰਭਾਲਣ ਮੌਕੇ ਕੀਤਾ। ਸ੍ਰੀਮਤੀ ਨਵਜੋਤ ਕੌਰ 2018 ਬੈਚ ਦੇ ਆਈ.ਏ.ਐਸ. ਅਧਿਕਾਰੀ ਹਨ ਜੋ ਕਿ ਇਸ ਤੋਂ ਪਹਿਲਾਂ ਵਧੀਕ ਸਕੱਤਰ ਪ੍ਰਸੋਨਲ ਵਿਭਾਗ ਅਤੇ ਵਾਧੂ ਚਾਰਜ ਡਾਇਰੈਕਟਰ ਆਬਕਾਰੀ ਦੇ ਤੌਰ 'ਤੇ ਆਪਣੀਆਂ ਸੇਵਾਵਾਂ ਨਿਭਾਅ ਰਹੇ ਸਨ। ਬਤੌਰ ਡਿਪਟੀ ਕਮਿਸ਼ਨਰ ਜ਼ਿਲ੍ਹਾ ਮਾਨਸਾ ਵਿਖੇ ਉਨ੍ਹਾਂ ਦੀ ਪਹਿਲੀ ਤਾਇਨਾਤੀ ਹੈ।

ਕਾਰਜਭਾਰ ਸੰਭਾਲਣ ਮੌਕੇ ਡਿਪਟੀ ਕਮਿਸ਼ਨਰ ਸ੍ਰੀਮਤੀ ਨਵਜੋਤ ਕੌਰ ਨੇ ਕਿਹਾ ਕਿ ਜ਼ਿਲ੍ਹੇ ਦੇ ਨਾਗਰਿਕਾਂ ਨੂੰ ਪ੍ਰਸ਼ਾਸਨਿਕ ਸੇਵਾਵਾਂ ਸੁਖਾਲੇ ਢੰਗ ਨਾਲ ਮੁਹੱਈਆ ਕਰਵਾਉਣਾ ਉਨ੍ਹਾਂ ਦੀ ਤਰਜੀਹ ਰਹੇਗੀ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੂੰ ਵੀ ਇਹ ਆਦੇਸ਼ ਦਿੱਤੇ ਜਾਣਗੇ ਕਿ ਕਿਸੇ ਵੀ ਨਾਗਰਿਕ ਨੂੰ ਸਰਕਾਰੀ ਦਫ਼ਤਰਾਂ ਵਿਚ ਆਪਣਾ ਕੰਮ ਕਰਵਾਉਣ ਮੌਕੇ ਕਿਸੇ ਪ੍ਰਕਾਰ ਦੀ ਦਿੱਕਤ ਪੇਸ਼ ਨਾ ਆਵੇ ਅਤੇ ਨਾਗਰਿਕਾਂ ਦਾ ਮਾਣ ਸਨਮਾਨ ਬਰਕਰਾਰ ਰੱਖਿਆ ਜਾਵੇ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਆਕਾਸ਼ ਬਾਂਸਲ, ਸਹਾਇਕ ਕਮਿਸ਼ਨਰ ਗੁਰਲੀਨ ਕੌਰ (ਸਿਖਲਾਈ ਅਧੀਨ), ਐਸ.ਡੀ.ਐਮ. ਮਾਨਸਾ ਤੇ ਸਰਦੂਲਗੜ੍ਹ ਕਾਲਾ ਰਾਮ ਕਾਂਸਲ, ਐਸ.ਡੀ.ਐਮ. ਬੁਢਲਾਡਾ ਗਗਨਦੀਪ ਸਿੰਘ, ਕਪਤਾਨ ਪੁਲਿਸ ਮਨਮੋਹਨ ਸਿੰਘ ਔਲਖ ਤੋਂ ਇਲਾਵਾ ਦਫ਼ਤਰ ਡਿਪਟੀ ਕਮਿਸ਼ਨਰ ਦੇ ਹੋਰ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।

ਯੰਗ ਸਟਾਰ ਵੈਲਫੇਅਰ ਕਲੱਬ ਨੇ ਇੰਨਵਾਇਰਮੈਂਟ ਪਾਰਕ ਵਿੱਚ ਲਗਾਏ ਪੌਦੇ

ਪਟਿਆਲਾ, 26 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਯੰਗ ਸਟਾਰ ਵੈਲਫੇਅਰ ਕਲੱਬ ਦੇ ਚੇਅਰਮੈਨ ਪ੍ਰਿੰਸ ਖਰ

ਕੈਬਨਿਟ ਮੰਤਰੀ ਤੇ ਮੇਅਰ ਦੇ ਵੈਸਟ ਹਲਕੇ ਦੇ ਟੈਂਡਰਾਂ 'ਚ ਫਿਕਸਿੰਗ ਨੂੰ ਲੈ ਕੇ ਸੀਨੀਅਰ ਡਿਪਟੀ ਮੇਅਰ ਨੇ ਚੁੱਕੇ ਸਵਾਲ

ਕੌਮੀ ਪੜ੍ਹਿਕਾ

ਜਲੰਧਰ 26 ਅਗਸਤ। ਨਗਰ ਨਿਗਮ ਜਲੰਧਰ ਵਿਚ ਠੇਕੇਦਾਰਾਂ ਅਤੇ ਅਧਿਕਾਰੀਆਂ ਦਾ ਨੈਕਸਸ ਇਕ ਵਾਰ ਫਿਰ ਬੇਨਕਾਬ ਹੋਇਆ ਹੈ। ਨਿਗਮ ਪ੍ਰਸ਼ਾਸਨ ਨੇ ਸੈਂਟਰਲ ਹਲਕੇ ਦੇ ਲੱਗਭਗ 7 ਕਰੋੜ ਰੁਪਏ ਦੇ 2 ਦਰਜਨ ਕੰਮਾਂ ਦੇ ਟੈਂਡਰ ਖੋਲ੍ਹੇ ਤਾਂ ਠੇਕੇਦਾਰਾਂ ਨੇ ਖੁੱਲ੍ਹੇ ਕੰਪੀਟੀਸ਼ਨ ਵਿਚ 40-40 ਫੀਸਦੀ ਤਕ ਡਿਸਕਾਊਂਟ ਆਫਰ ਕਰ ਦਿੱਤਾ ਪਰ ਜਦੋਂ ਉਹੀ ਠੇਕੇਦਾਰ ਵੈਸਟ ਹਲਕੇ ਵਿਚ ਉਤਰੇ ਤਾਂ ਇਥੇ ਸੈਟਿੰਗ ਅਤੇ ਪੁਲਿੰਗ ਜ਼ਰੀਏ ਮਹਿਜ਼ 1 ਤੋਂ 3 ਫੀਸਦੀ ਡਿਸਕਾਊਂਟ 'ਤੇ ਕੰਮ ਚੁੱਕ ਲਏ ਗਏ। ਯਾਨੀ ਕੰਮ ਉਹੀ, ਠੇਕੇਦਾਰ ਉਹੀ ਪਰ ਡਿਸਕਾਊਂਟ ਵਿਚ 30 ਫ਼ੀਸਦੀ ਤੋਂ ਵੀ ਜ਼ਿਆਦਾ ਦਾ ਅੰਤਰ। ਇਹ ਸਾਫ਼ ਸਾਬਿਤ ਕਰਦਾ ਹੈ ਕਿ ਵੈਸਟ ਹਲਕੇ ਵਿਚ ਪੂਰੀ ਪ੍ਰਕਿਰਿਆ ਫਿਕਸਿੰਗ ਜ਼ਰੀਏ ਚਲਾਈ ਗਈ ਅਤੇ ਜਨਤਾ ਦੀ ਗਾੜ੍ਹੀ ਖੂਨ-ਪਸੀਨੇ ਦੀ ਕਮਾਈ ਨੂੰ ਲੁੱਟ ਲਿਆ ਗਿਆ। ਲੱਖਾਂ ਰੁਪਏ ਦੀ ਗੜਬੜੀ ਦੀ ਗੰਭੀਰਤਾ ਇਸ ਲਈ ਹੋਰ ਵਧ ਗਈ ਹੈ ਕਿਉਂਕਿ ਵੈਸਟ ਹਲਕੇ ਦੀ ਪ੍ਰਤੀਨਿਧਤਾ ਇਸ ਸਮੇਂ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਮਹਿੰਦਰ ਭਗਤ ਅਤੇ ਨਗਰ ਨਿਗਮ ਦੇ ਮੇਅਰ ਵਨੀਤ ਧੀਰ ਕਰਦੇ ਹਨ। ਸਵਾਲ ਉੱਠ ਰਿਹਾ ਹੈ ਕਿ ਜਦੋਂ ਅਜਿਹੇ ਸੰਵੇਦਨਸ਼ੀਲ ਹਲਕੇ ਵਿਚ ਕਰੋੜਾਂ ਦੀ ਖੇਡ ਹੋਈ ਤਾਂ ਨਿਗਮ ਪ੍ਰਸ਼ਾਸਨ ਆਖਿਰ ਚੁੱਪ ਕਿਉਂ ਹੈ। ਮੇਅਰ ਵਨੀਤ ਧੀਰ ਪਹਿਲਾਂ ਹੀ ਇਸ ਫਿਕਸਿੰਗ ਵਿਚ ਸ਼ਾਮਲ ਠੇਕੇਦਾਰਾਂ ਨੂੰ ਨੋਟਿਸ ਜਾਰੀ ਕਰਨ ਦੇ ਨਿਰਦੇਸ਼ ਦੇ ਚੁੱਕੇ ਹਨ ਪਰ ਸ਼ਾਇਦ ਅਜਿਹੇ ਨੋਟਿਸ ਅਜੇ ਤਕ ਜਾਰੀ ਨਹੀਂ ਹੋਏ। ਇਸ ਮਾਮਲੇ 'ਤੇ ਐਕਸੀਅਨ ਦੀ ਰਿਪੋਰਟ ਨਿਗਮ ਪ੍ਰਸ਼ਾਸਨ ਤਕ ਪਹੁੰਚ ਚੁੱਕੀ ਹੈ। ਰਿਪੋਰਟ ਵਿਚ ਸਾਫ ਸਿਫਾਰਸ਼ ਕੀਤੀ ਗਈ ਹੈ ਕਿ ਪੂਰੀ ਟੈਂਡਰ ਪ੍ਰਕਿਰਿਆ ਰੱਦ ਕੀਤੀ ਜਾਵੇ। ਇਸੇ ਵਿਚਕਾਰ ਆਮ ਆਦਮੀ ਪਾਰਟੀ ਦੇ ਆਗੂ ਅਤੇ ਨਿਗਮ ਦੇ ਸੀਨੀਅਰ ਡਿਪਟੀ ਮੇਅਰ ਬਲਬੀਰ ਸਿੰਘ ਬਿੱਟੂ ਨੇ ਵੀ ਇਸ ਗੜਬੜੀ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਅਧਿਕਾਰੀਆਂ ਤੋਂ ਰਿਪੋਰਟ ਮੰਗੀ ਹੋਈ ਹੈ ਪਰ ਨਾ ਤਾਂ ਉਨ੍ਹਾਂ ਨੂੰ ਰਿਪੋਰਟ ਦਿੱਤੀ ਗਈ ਅਤੇ ਨਾ ਹੀ ਕੋਈ ਕਾਰਵਾਈ ਹੋਈ। ਬਿੱਟੂ ਨੇ ਅੱਜ ਸਬੰਧਤ ਅਧਿਕਾਰੀਆਂ ਨੂੰ ਫੋਨ ਕਰ ਕੇ ਸਾਫ ਚਿਤਾਵਨੀ ਦਿੱਤੀ ਹੈ ਕਿ ਜੇਕਰ ਹੁਣ ਵੀ ਕਾਰਵਾਈ ਨਾ ਹੋਈ ਅਤੇ ਰਿਪੋਰਟ ਨਾ ਦਿੱਤੀ ਗਈ ਤਾਂ ਉਹ ਪੂਰਾ ਮਾਮਲਾ ਵਿਜੀਲੈਂਸ ਨੂੰ ਸੌਂਪ ਦੇਣਗੇ। ਸੂਤਰਾਂ ਦੇ ਮੁਤਾਬਕ ਇਹ ਪੂਰਾ ਮਾਮਲਾ ਹੁਣ ਸਟੇਟ ਵਿਜੀਲੈਂਸ ਅਤੇ ਚੀਫ ਵਿਜੀਲੈਂਸ ਆਫਿਸਰ ਤਕ ਪਹੁੰਚ ਚੁੱਕਾ ਹੈ। ਜਾਂਚ ਸ਼ੁਰੂ ਹੋਈ ਹੈ ਜਾਂ ਨਹੀਂ, ਇਸ ਬਾਰੇ ਕੁਝ ਪਤਾ ਨਹੀਂ ਚੱਲ ਸਕਿਆ। ਫਿਲਹਾਲ ਮੰਨਿਆ ਜਾ ਰਿਹਾ ਹੈ ਕਿ ਜੇਕਰ ਜਾਂਚ ਵਿਚ ਸਿਆਸੀ ਆਗੂਆਂ ਦੀ ਭੂਮਿਕਾ ਜਾਂ ਸਰਪ੍ਰਸਤੀ ਦਾ ਕੋਈ ਐਂਗਲ ਸਾਹਮਣੇ ਆਇਆ ਤਾਂ ਇਹ ਕੇਸ ਬੇਹੱਦ ਪੇਚੀਦਾ ਹੋ ਸਕਦਾ ਹੈ। ਯਾਦ ਰਹੇ ਕਿ ਅਜੇ ਹਾਲ ਹੀ ਵਿਚ 'ਆਪ' ਵਿਧਾਇਕ ਰਮਨ ਅਰੋੜਾ ਦਾ ਮਾਮਲਾ ਨਿਗਮ ਦੀ ਗੜਬੜੀ ਨਾਲ ਜੁੜਿਆ ਹੋਇਆ ਸੀ, ਜਿਹੜਾ ਪੂਰੀ ਤਰ੍ਹਾਂ ਠੰਢਾ ਵੀ ਨਹੀਂ ਪਿਆ ਹੈ। ਫਿਲਹਾਲ ਨਿਗਮ ਪ੍ਰਸ਼ਾਸਨ 'ਤੇ ਦੋਸ਼ ਹੈ ਕਿ ਉਹ ਇਸ ਗੜਬੜੀ ਵਿਚ ਸ਼ਾਮਲ ਠੇਕੇਦਾਰਾਂ ਅਤੇ ਆਪਣੇ ਅਧਿਕਾਰੀਆਂ ਨੂੰ ਬਚਾਉਣ ਦੀ ਹਰ ਸੰਭਵ ਕੋਸ਼ਿਸ਼ ਕਰ ਰਿਹਾ ਹੈ। ਹੁਣ ਦੇਖਣ ਵਾਲੀ ਗੱਲ ਇਹ ਹੋਵੇਗੀ ਕਿ ਕੈਬਨਿਟ ਮੰਤਰੀ ਅਤੇ ਮੇਅਰ ਇਸ ਮਾਮਲੇ 'ਤੇ ਕੀ ਸਟੈਂਡ ਲੈਂਦੇ ਹਨ ਅਤੇ ਕਿਸ 'ਤੇ ਇਸ ਫਿਕਸਿੰਗ ਦੀ ਜ਼ਿੰਮੇਵਾਰੀ ਪਾਈ ਜਾਂਦੀ ਹੈ।

MUNICIPAL CORPORATION JALANDHAR
COMMITTED TO THE SERVICE OF MANKIND
ਨਗਰ ਨਿਗਮ ਜਲੰਧਰ
ਮਾਨਵਤਾ ਦੀ ਸੇਵਾ ਨੂੰ ਸਮਰਪਿਤ

ਕਦੇ ਨਿਖਤ ਤੇ ਕਦੇ ਉਰਵਸ਼ੀ, ਨੌਜਵਾਨਾਂ ਨੂੰ ਹਨੀਟਰੈਪ 'ਚ ਫਸਾ ਲਾੜੀ ਨੇ ਮਾਰੀ 3 ਕਰੋੜ ਤੋਂ ਵੱਧ ਦੀ ਠੱਗੀ

ਨੈਸ਼ਨਲ ਡੈਸਕ 26 ਅਗਸਤ। ਮੱਧ ਪ੍ਰਦੇਸ਼ ਦੇ ਖੰਡਵਾ ਜ਼ਿਲ੍ਹੇ ਤੋਂ ਇੱਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਦੀ ਇੱਕ ਔਰਤ, ਜਿਸਦਾ ਨਾਮ ਨਿਖ਼ਤ ਹਾਸ਼ਮੀ ਹੈ, ਨੇ ਦੋ ਨੌਜਵਾਨਾਂ ਨੂੰ ਹਨੀਟ?ਰੈਪ ਦੇ ਜਾਲ ਵਿੱਚ ਫਸਾ ਕੇ ਉਨ੍ਹਾਂ ਨਾਲ ਵਿਆਹ ਕੀਤਾ ਅਤੇ ਫਿਰ ਤਿੰਨ ਕਰੋੜ ਰੁਪਏ ਤੋਂ ਵੱਧ ਦੀ ਠੱਗੀ ਕਰਕੇ ਗਾਇਬ ਹੋ ਗਈ। ਪੀੜਤਾਂ ਵਿੱਚੋਂ ਖੰਡਵਾ ਦੇ ਰਹਿਣ ਵਾਲੇ ਏਹਤੇਸ਼ਾਮ ਖਾਨ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ ਕਿ ਉਸ ਦੀ ਪਤਨੀ ਨਿਖ਼ਤ ਅਕਸਰ ਉਸਨੂੰ ਪੁਲਸ ਸ਼ਿਕਾਇਤ ਦੀ ਧਮਕੀ ਦੇ ਕੇ ਪੈਸੇ ਲੈਂਦੀ ਸੀ। ਏਹਤੇਸ਼ਾਮ ਅਨੁਸਾਰ, ਨਿਖ਼ਤ ਨੇ ਪਹਿਲਾਂ ਉਸ ਨਾਲ 2019 ਵਿੱਚ ਦੋਸਤੀ ਕੀਤੀ ਅਤੇ 2021 ਵਿੱਚ ਵਿਆਹ ਕਰ ਲਿਆ। ਪਰ ਵਿਆਹ ਤੋਂ ਕੇਵਲ 17 ਦਿਨ ਬਾਅਦ ਹੀ ਉਹ ਘਰ ਵਿੱਚੋਂ ਸੋਨੇ-ਚਾਂਦੀ ਦੇ ਗਹਿਣੇ ਤੇ ਨਗਦ 7.5 ਲੱਖ ਰੁਪਏ ਲੈ ਕੇ ਫਰਾਰ ਹੋ ਗਈ। ਇਸ ਤੋਂ ਬਾਅਦ ਨਿਖ਼ਤ ਨੇ ਆਪਣੀ ਪਹਿਚਾਣ ਬਦਲ ਕੇ ਕੋਲਕਾਤਾ ਦੇ ਇੱਕ ਜੁਲਰੀ ਵਪਾਰੀ ਨੂੰ ਨਿਸ਼ਾਨਾ ਬਣਾਇਆ। ਉਰਵਸ਼ੀ ਅਗਰਵਾਲ ਅਤੇ ਨਰਗਿਸ ਨਾਮ ਦੇ ਨਕਲੀ ਆਈਡੀ ਕਾਰਡਾਂ ਦੀ ਮਦਦ ਨਾਲ ਉਸਨੇ ਵਪਾਰੀ ਨਾਲ ਵਿਆਹ ਕੀਤਾ। ਵਿਆਹ ਤੋਂ ਕੁਝ ਹੀ ਮਹੀਨੇ ਬਾਅਦ ਉਸਨੇ ਵਪਾਰੀ ਤੋਂ 2-3 ਕਰੋੜ ਰੁਪਏ ਵਸੂਲ ਕੇ ਗਾਇਬ ਹੋ ਗਈ। ਏਹਤੇਸ਼ਾਮ ਨੇ ਪੁਲਸ ਨੂੰ ਦੱਸਿਆ ਕਿ ਨਿਖ਼ਤ ਨੇ ਕਈ ਵਾਰ ਮਾਂ ਦੇ ਇਲਾਜ ਜਾਂ ਭੈਣ-ਭਰਾਵਾਂ ਦੀ ਪੜ੍ਹਾਈ ਦੇ ਨਾਂ 'ਤੇ ਉਸ ਤੋਂ 22 ਲੱਖ ਰੁਪਏ ਠੱਗੇ ਸਨ। ਪੁਲਸ ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਉਸਦੇ ਕੋਲ ਫਰਜ਼ੀ ਆਧਾਰ ਕਾਰਡ ਅਤੇ ਵੋਟਰ ਆਈਡੀ ਵੀ ਸਨ। ਮਾਮਲੇ ਦੀ ਗੰਭੀਰਤਾ ਦੇ ਮੱਦੇਨਜ਼ਰ ਮੋਘਟ ਥਾਣਾ ਪੁਲਸ ਨੇ ਏਹਤੇਸ਼ਾਮ ਦੀ ਸ਼ਿਕਾਇਤ 'ਤੇ ਧੋਖਾਧੜੀ ਅਤੇ ਹੋਰ ਧਾਰਾਵਾਂ ਅਧੀਨ ਮਾਮਲਾ ਦਰਜ ਕਰ ਲਿਆ ਹੈ। ਸਿਟੀ ਐਸਪੀ ਅਭਿਨਵ ਬਾਰੰਗੇ ਨੇ ਪੁਸ਼ਟੀ ਕੀਤੀ ਹੈ ਕਿ ਖੰਡਵਾ ਅਤੇ ਕੋਲਕਾਤਾ ਦੋਵੇਂ ਪੀੜਤਾਂ ਦੇ ਬਿਆਨ ਲਏ ਗਏ ਹਨ ਅਤੇ ਪੁਲਸ ਨਿਖ਼ਤ ਦੀ ਗ੍ਰਿਫ਼ਤਾਰੀ ਲਈ ਜ਼ੋਰਦਾਰ ਕੋਸ਼ਿਸ਼ ਕਰ ਰਹੀ ਹੈ। ਪੁਲਸ ਦਾ ਕਹਿਣਾ ਹੈ ਕਿ ਜਲਦ ਹੀ ਇਸ ਦਗਾਬਾਜ਼ ਦੂਲ੍ਹਨ ਨੂੰ ਕਾਬੂ ਕਰ ਲਿਆ ਜਾਵੇਗਾ।

ਨੇਪਾਲ ਵੀ ਭਾਰਤ ਦੇ 'ਇੰਟਰਨੈਸ਼ਨਲ ਬਿਗ ਕੈਟ ਅਲਾਇੰਸ' 'ਚ ਹੋਇਆ ਸ਼ਾਮਲ

ਕੌਮੀ ਪੜ੍ਹਿਕਾ

ਨੈਸ਼ਨਲ ਡੈਸਕ 26 ਅਗਸਤ। ਨੇਪਾਲ ਅਧਿਕਾਰਤ ਤੌਰ 'ਤੇ 'ਇੰਟਰਨੈਸ਼ਨਲ ਬਿਗ ਕੈਟ ਅਲਾਇੰਸ' (IBCA) ਦਾ ਮੈਂਬਰ ਬਣ ਗਿਆ ਹੈ, ਜੋ ਕਿ ਵੱਡੀਆਂ ਬਿੱਲੀਆਂ ਦੀਆਂ ਸੱਤ ਪ੍ਰਜਾਤੀਆਂ ਨੂੰ ਸੁਰੱਖਿਅਤ ਰੱਖਣ ਲਈ ਭਾਰਤ ਦੀ ਅਗਵਾਈ ਵਾਲੀ ਇੱਕ ਵਿਸ਼ਵਵਿਆਪੀ ਪਹਿਲ ਹੈ। IBCA ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। IBCA 90 ਦੇਸ਼ਾਂ ਦਾ ਇੱਕ ਗਠਜੋੜ ਹੈ ਜੋ ਵੱਡੀਆਂ ਬਿੱਲੀਆਂ ਦੀਆਂ ਪ੍ਰਜਾਤੀਆਂ ਦੀ ਸੰਭਾਲ ਵਿੱਚ ਦਿਲਚਸਪੀ ਰੱਖਦੇ ਹਨ। IBCA ਨੇ ਸ਼ਨੀਵਾਰ ਨੂੰ ਕਿਹਾ, ਨੇਪਾਲ ਨੇ ਡਰਾਫਟ ਸਮਝੌਤੇ 'ਤੇ ਦਸਤਖਤ ਕੀਤੇ ਹਨ ਅਤੇ ਇਸ ਨਾਲ ਇਹ ਰਸਮੀ ਤੌਰ 'ਤੇ 'ਇੰਟਰਨੈਸ਼ਨਲ ਬਿਗ ਕੈਟ ਅਲਾਇੰਸ' (IBCA) ਵਿੱਚ ਸ਼ਾਮਲ ਹੋ ਗਿਆ ਹੈ। IBC ਨੇ ਕਿਹਾ, ਨੇਪਾਲ ਵਿੱਚ ਬਰਫੀਲੇ ਤੇਂਦੁਏ, ਬਾਘ ਅਤੇ ਆਮ ਤੇਂਦੁਏ ਪਾਏ ਜਾਂਦੇ ਹਨ ਅਤੇ IBCA ਵਿੱਚ ਸ਼ਾਮਲ ਹੋਣ ਨਾਲ ਇਸ ਪ੍ਰਜਾਤੀ ਦੇ ਹੋਰ ਜਾਨਵਰਾਂ ਦੀ ਸੰਭਾਲ ਪ੍ਰਤੀ ਵਿਸ਼ਵਵਿਆਪੀ ਸਹਿਯੋਗ ਮਜ਼ਬੂਤ ਹੋਵੇਗਾ। IBCA ਨੇ ਸਾਂਝੀ ਵਾਤਾਵਰਣ ਸੁਰੱਖਿਆ ਵੱਲ ਚੁੱਕੇ ਗਏ ਇਸ ਮਹੱਤਵਪੂਰਨ ਕਦਮ ਲਈ ਨੇਪਾਲ ਸਰਕਾਰ ਨੂੰ ਵਧਾਈ ਦਿੱਤੀ ਹੈ। ਨੇਪਾਲ ਵਿੱਚ (ਹੁਣ ਤੱਕ ਦੀ ਤਾਜ਼ਾ ਜਨਗਣਨਾ ਦੇ ਅਨੁਸਾਰ) 2022 ਤੱਕ ਬਾਘਾਂ ਦੀ ਗਿਣਤੀ ਲਗਭਗ ਤਿੰਨ ਗੁਣਾ ਵੱਧ ਕੇ 355 ਹੋ ਗਈ, ਜੋ ਕਿ 2009 ਵਿੱਚ ਸਿਰਫ 121 ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 9 ਅਪ੍ਰੈਲ 2023 ਨੂੰ ਕਰਨਾਟਕ ਦੇ ਮੈਸੂਰ ਵਿੱਚ ਸੱਤ ਵੱਡੀਆਂ ਬਿੱਲੀਆਂ ਜਿਵੇਂ ਕਿ ਬਾਘ, ਸ਼ੇਰ, ਤੇਂਦੁਆ, ਬਰਫ਼ ਦਾ ਤੇਂਦੁਆ, ਚੀਤਾ, ਜੈਗੁਆਰ ਅਤੇ ਪੂਮਾ ਦੀ ਵਿਸ਼ਵਵਿਆਪੀ ਸੰਭਾਲ ਲਈ 9231 ਦੀ ਸ਼ੁਰੂਆਤ ਕੀਤੀ।

ਭਾਰਤ ਕਿਸੇ ਦੀ ਦਾਦਾਗਿਰੀ ਤੋਂ ਨਹੀਂ ਡਰਦਾ ; ਨਾ ਦਬਾਅ 'ਚ ਆਉਂਦਾ ਹੈ : ਸ਼ਿਵਰਾਜ ਸਿੰਘ ਚੌਹਾਨ

ਕੌਮੀ ਪੜ੍ਹਿਕਾ

ਨਵੀਂ ਦਿੱਲੀ, 26 ਅਗਸਤ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਭਾਰਤੀ ਉਤਪਾਦਾਂ 'ਤੇ 50 ਫੀਸਦੀ ਟੈਰਿਫ ਲਾਏ ਜਾਣ ਦੇ ਪਿਛੋਕੜ 'ਚ ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਵੀਰਵਾਰ ਨੂੰ ਕਿਹਾ ਕਿ "ਭਾਰਤ ਚੁਣੌਤੀਆਂ ਤੋਂ 'ਘਬਰਾਉਂਦਾ ਨਹੀਂ' ਹੈ, ਨਾ ਕਿਸੇ ਦੀ 'ਦਾਦਾਗਿਰੀ' ਤੋਂ ਡਰਦਾ ਹੈ ਅਤੇ ਨਾ ਹੀ ਦਬਾਅ 'ਚ ਆਉਂਦਾ ਹੈ, ਸਗੋਂ 'ਅੱਖਾਂ 'ਚ ਅੱਖਾਂ ਪਾ ਕੇ ਗੱਲ ਕਰਦਾ ਹੈ।"ਚੌਹਾਨ ਨੇ ਦਿੱਲੀ 'ਚ ਪੂਸਾ ਸਥਿਤ ਕਰਮਚਾਰੀ ਸੰਕਲਪ ਸੰਮੇਲਨ ਨੂੰ ਸੰਬੋਧਨ ਕਰਦਿਆਂ ਇਹ ਟਿੱਪਣੀ ਕੀਤੀ। ਕੇਂਦਰੀ ਖੇਤੀਬਾੜੀ ਤੇ ਕਿਸਾਨ ਭਲਾਈ ਅਤੇ ਪੇਂਡੂ ਵਿਕਾਸ

ਮੰਤਰੀ ਨੇ 'ਆਤਮਨਿਰਭਰਤਾ' ਦੀ ਜ਼ਰੂਰਤ 'ਤੇ ਜ਼ੋਰ ਦਿੰਦੇ ਹੋਏ ਸਪੱਸ਼ਟ ਕੀਤਾ ਕਿ ਮੋਦੀ ਸਰਕਾਰ ਲਈ ਰਾਸ਼ਟਰ ਹਿੱਤ ਅਤੇ ਕਿਸਾਨਾਂ ਦਾ ਹਿੱਤ ਸਭ ਤੋਂ ਉੱਪਰ ਹੈ, ਜਿਸ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸਬੰਧ 'ਚ ਖੇਤੀਬਾੜੀ ਵਿਭਾਗ ਨੇ ਆਪਣੀ ਗੱਲ ਪ੍ਰਧਾਨ ਮੰਤਰੀ ਸਾਹਮਣੇ ਰੱਖੀ ਸੀ ਤਾਂ ਜੋ ਕਿਸਾਨਾਂ ਦੇ ਹਿੱਤ ਸੁਰੱਖਿਅਤ ਰਹਿਣ। ਚੌਹਾਨ ਨੇ ਕਿਹਾ, "ਅਸੀਂ ਦੂਸਰਿਆਂ 'ਤੇ ਨਿਰਭਰ ਰਹਾਂਗੇ ਤਾਂ ਪੂਰੀ ਤਰ੍ਹਾਂ ਆਜ਼ਾਦ ਨਹੀਂ ਰਹਿ ਸਕਦੇ। ਅਸੀਂ ਆਤਮਨਿਰਭਰ ਭਾਰਤ ਬਣਾਉਣ 'ਚ ਸਹਿਯੋਗ ਕਰਾਂਗੇ।

ਹਰਤਾਲਿਕਾ ਤੀਜ ਭਾਰਤ ਅਤੇ ਨੇਪਾਲ ਵਿਚਕਾਰ ਅਟੁੱਟ ਸੱਭਿਆਚਾਰਕ ਬੰਧਨ ਦਾ ਪ੍ਰਤੀਕ ਹੈ: ਕਪਿਲ ਮਿਸ਼ਰਾ

ਕੌਮੀ ਪੜ੍ਹਿਕਾ

ਨਵੀਂ ਦਿੱਲੀ, 26 ਅਗਸਤ। ਭਾਰਤ ਸਵਾਭਿਮਾਨ ਟਰੱਸਟ ਅਤੇ ਹਮਰੋ ਸਵਾਭਿਮਾਨ ਟਰੱਸਟ ਦੇ ਸਾਂਝੇ ਉਪਰਾਲੇ ਹੇਠ, ਹਰਤਾਲਿਕਾ ਤੀਜ ਉਤਸਵ 2025 ਦਾ ਇੱਕ ਸ਼ਾਨਦਾਰ ਸਮਾਗਮ ਯਮੁਨਾ ਸਪੋਰਟਸ ਕੰਪਲੈਕਸ, ਦਿੱਲੀ ਵਿਖੇ ਆਯੋਜਿਤ ਕੀਤਾ ਗਿਆ। ਇਸ ਮੌਕੇ ਦਿੱਲੀ ਸਰਕਾਰ ਦੇ ਮੰਤਰੀ ਕਪਿਲ ਮਿਸ਼ਰਾ ਮੁੱਖ ਮਹਿਮਾਨ ਵਜੋਂ ਮੌਜੂਦ ਸਨ। ਇਸ ਉਤਸਵ ਦਾ ਆਯੋਜਨ ਯੋਗਾ ਰਿਸ਼ੀ ਸਵਾਮੀ ਰਾਮਦੇਵ ਜੀ ਅਤੇ ਆਚਾਰੀਆ ਬਾਲਕ੍ਰਿਸ਼ਨ ਜੀ ਦੁਆਰਾ ਕੀਤਾ ਗਿਆ ਸੀ। ਭਾਰਤ ਵਿੱਚ ਨੇਪਾਲ ਦੇ ਰਾਜਦੂਤ ਸ਼੍ਰੀ ਸ਼ੰਕਰ ਪ੍ਰਸਾਦ ਸ਼ਰਮਾ, ਵਿਧਾਇਕ ਸ਼੍ਰੀ ਸੰਜੇ ਗੋਇਲ, ਅਤੇ ਵੱਡੀ ਗਿਣਤੀ ਵਿੱਚ ਨੇਪਾਲੀ-ਗੋਰਖਾਲੀ ਭਾਈਚਾਰੇ ਅਤੇ ਦਿੱਲੀ ਦੇ ਨਾਗਰਿਕਾਂ ਦੀ ਭਾਗੀਦਾਰੀ ਨੇ ਪ੍ਰੋਗਰਾਮ ਨੂੰ ਵਿਸ਼ੇਸ਼ ਤੌਰ 'ਤੇ ਸਫਲ ਬਣਾਇਆ। ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਕਪਿਲ ਮਿਸ਼ਰਾ ਨੇ ਕਿਹਾ ਕਿ ਦਿੱਲੀ ਸਰਕਾਰ ਅਗਲੇ ਸਾਲ ਤੋਂ ਅਜਿਹੇ ਸਮਾਗਮਾਂ ਵਿੱਚ ਪੂਰੇ ਸਹਿਯੋਗ ਅਤੇ ਵਚਨਬੱਧਤਾ ਨਾਲ ਹਿੱਸਾ ਲਵੇਗੀ। ਹਰਤਾਲਿਕਾ ਤੀਜ ਵਰਗੇ ਤਿਉਹਾਰ ਸਾਡੀ ਸੱਭਿਆਚਾਰਕ ਵਿਰਾਸਤ ਅਤੇ ਅਧਿਆਤਮਿਕ ਪਰੰਪਰਾ ਨੂੰ ਮਜ਼ਬੂਤ ??ਕਰਦੇ ਹਨ। ਇਹ ਸਮਾਗਮ ਭਾਰਤ ਅਤੇ ਨੇਪਾਲ ਵਿਚਕਾਰ ਅਟੁੱਟ ਸੱਭਿਆਚਾਰਕ ਬੰਧਨ ਦਾ ਪ੍ਰਤੀਕ ਹੈ। ਮਿਸ਼ਰਾ ਨੇ ਅੱਗੇ ਕਿਹਾ ਕਿ ਇਸ ਤਿਉਹਾਰ ਨੇ ਨਾ ਸਿਰਫ਼ ਹਰਤਾਲਿਕਾ ਤੀਜ ਦੀ ਧਾਰਮਿਕ ਮਹਿਮਾ ਨੂੰ ਉਜਾਗਰ ਕੀਤਾ ਬਲਕਿ ਭਾਰਤੀ ਅਤੇ ਨੇਪਾਲੀ ਸੱਭਿਆਚਾਰ ਦੀਆਂ ਸਾਂਝੀਆਂ ਕਦਰਾਂ-ਕੀਮਤਾਂ ਅਤੇ ਪਰੰਪਰਾਵਾਂ ਨੂੰ ਵੀ ਜ਼ਿੰਦਾ ਕੀਤਾ। ਅਗਲੇ ਸਾਲ ਤੋਂ, ਦਿੱਲੀ ਸਰਕਾਰ ਖੁਦ ਅੱਗੇ ਆਵੇਗੀ ਅਤੇ ਅਜਿਹੇ ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਮਦਦ ਕਰੇਗੀ। ਨੇਪਾਲੀ ਸਮਾਜ ਇੱਕ ਬਹਾਦਰ, ਬਹਾਦਰ ਹੈ ਅਤੇ ਸਨਾਤਨ ਪਰੰਪਰਾ ਨੂੰ ਅੱਗੇ ਵਧਾਉਂਦਾ ਹੈ। ਇਸ ਮੌਕੇ ਯਮੁਨਾ ਸਪੋਰਟਸ ਕੰਪਲੈਕਸ ਤੀਜ ਦੇ ਜੋਸ਼ ਅਤੇ ਉਤਸ਼ਾਹ ਨਾਲ ਭਰਿਆ ਹੋਇਆ ਸੀ। ਔਰਤਾਂ ਨੇ ਸ਼ਰਧਾ ਨਾਲ ਸ਼ਿਵ-ਪਾਰਵਤੀ ਵਰਤ ਕਹਾਣੀ ਦਾ ਪਾਲਣ ਕੀਤਾ ਅਤੇ ਰਵਾਇਤੀ ਗੀਤਾਂ, ਸੰਗੀਤ ਅਤੇ ਨਾਚ ਪ੍ਰਦਰਸ਼ਨਾਂ ਨਾਲ ਮਾਹੌਲ ਨੂੰ ਸ਼ਰਧਾ ਅਤੇ ਖੁਸ਼ੀ ਨਾਲ ਭਰ ਦਿੱਤਾ।

ਅਮਨ ਅਰੋੜਾ ਨੇ ਲੌਂਗੋਵਾਲ ਵਿਖੇ ਰੱਖੇ 2.64 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ

ਕੌਮੀ ਪੜ੍ਹਿਕਾ

ਲੌਂਗੋਵਾਲ 26 ਅਗਸਤ। ਹਲਕਾ ਸੁਨਾਮ ਵਿਚ ਸ਼ੁਰੂ ਕੀਤੇ ਵਿਕਾਸ ਕਾਰਜਾਂ ਦੀ ਕਵਾਇਦ ਨੂੰ ਉਸ ਵੇਲੇ ਹੋਰ ਬਲ ਮਿਲਿਆ ਜਦੋਂ ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਅਮਰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ 40ਵੀਂ ਬਰਸੀ ਮੌਕੇ ਕਸਬਾ ਲੌਂਗੋਵਾਲ ਵਿਖੇ ਅੱਜ 2.64 ਕਰੋੜ ਰੁਪਏ ਦੀ ਲਾਗਤ ਵਾਲੇ ਤਿੰਨ ਅਹਿਮ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖੇ। ਵੱਖ ਵੱਖ ਸਮਾਗਮਾਂ ਉਤੇ ਇਕੱਤਰ ਹੋਏ ਲੋਕਾਂ ਨਾਲ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਕਿਹਾ ਕਿ ਅੱਜ 1.50 ਕਰੋੜ ਰੁਪਏ ਦੀ ਲਾਗਤ